# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ
# ਮਿਤੀ **31-3-2017**
# ਦੀ ਕਾਰਵਾਈ

## ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 31.3.2017 ਨੂੰ ਹੋਈ ਦੀ ਕਾਰਵਾਈ ।

ਮਿਤੀ 31.3.2017 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:30 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਨਹਿਰੂ ਗਾਰਡਨ, ਨਗਰ ਨਿਗਮ, ਜਲੰਧਰ, ਵਿਖੇ ਹੋਈ ਜਿਸ ਵਿੱਚ ਹੇਠ ਅਨੁਸਾਰ ਹਾਜ਼ਰ ਹੋਏ:

| | | |
|---|---|---|
| 1. | ਸ਼੍ਰੀ ਪਰਗਟ ਸਿੰਘ, ਐਮ.ਐਲ.ਏ., ਐਕਸ ਐਫੀਸੀਓ ਮੈਂਬਰ | ਹਾਜਰ |
| 2. | ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ.,ਐਕਸ ਐਫੀਸੀਓ ਮੈਂਬਰ | ਹਾਜਰ |
| 3. | ਸ਼੍ਰੀ ਸੁਰਿੰਦਰ ਸਿੰਘ, ਐਮ.ਐਲ.ਏ.,ਐਕਸ ਐਫੀਸੀਓ ਮੈਂਬਰ | ਹਾਜਰ |
| 4. | ਸ਼੍ਰੀ ਰਾਜਿੰਦਰ ਬੇਰੀ, ਐਮ.ਐਲ.ਏ.,ਐਕਸ ਐਫੀਸੀਓ ਮੈਂਬਰ | ਹਾਜਰ |
| 5. | ਸ਼੍ਰੀ ਸ਼ੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ.,ਐਕਸ ਐਫੀਸੀਓ ਮੈਂਬਰ | ਹਾਜਰ |

| ਲੜੀ ਨੰ: | ਵਾਰਡ ਨੰ: | ਕੌਂਸਲਰ ਦਾ ਨਾਮ | |
|---|---|---|---|
| 1. | 5 | ਸ਼੍ਰੀ ਸੁਨੀਲ ਜਯੋਤੀ, ਮੇਅਰ | ਹਾਜ਼ਰ |
| 2. | 45 | ਸ਼੍ਰੀ ਕਮਲਜੀਤ ਸਿੰਘ ਭਾਟੀਆ, ਸੀਨੀਅਰ ਡਿਪਟੀ ਮੇਅਰ, | ਹਾਜਰੀ ਲਾਉਣ ਤੋਂ ਇਨਕਾਰੀ |
| 3. | 29 | ਸ਼੍ਰੀਮਤੀ ਅਰਵਿੰਦਰ ਕੌਰ, ਡਿਪਟੀ ਮੇਅਰ | ਹਾਜਰੀ ਲਾਉਣ ਤੋਂ ਇਨਕਾਰੀ |
| 4. | 1 | ਸ਼੍ਰੀ ਦੇਸ਼ ਰਾਜ ਜੱਸਲ, ਕੌਂਸਲਰ | ਹਾਜ਼ਰ |
| 5. | 2 | ਸ਼੍ਰੀਮਤੀ ਪ੍ਰੇਮ ਲੱਤਾ, ” | ਹਾਜ਼ਰ |
| 6. | 3 | ਸ਼੍ਰੀਮਤੀ ਦਵਿੰਦਰ ਕੌਰ, ” | ਹਾਜ਼ਰ |
| 7. | 4 | ਸ਼੍ਰੀ ਭਗਵੰਤ ਰਾਏ ਪ੍ਰਭਾਕਰ, ” | ਹਾਜ਼ਰ |
| 8. | 6 | ਸ਼੍ਰੀਮਤੀ ਰੀਨਾ ਕੌਰ, ” | ਹਾਜ਼ਰ |
| 9. | 7 | ਸ਼੍ਰੀ ਬਾਲ ਕ੍ਰਿਸ਼ਨ ਬਾਲੀ, ” | ਹਾਜ਼ਰ |
| 10. | 8 | ਸ਼੍ਰੀਮਤੀ ਦਲਵਿੰਦਰ ਕੌਰ, ” | ਹਾਜ਼ਰ |
| 11. | 9 | ਸ਼੍ਰੀਮਤੀ ਸੁਦੇਸ਼ ਰਾਣੀ, ” | ਹਾਜ਼ਰ |
| 12. | 10 | ਸ਼੍ਰੀਮਤੀ ਸਿਮਰਜੀਤ ਕੌਰ ਢੀਡਸਾ ” | ਹਾਜ਼ਰ |
| 13. | 11 | ਸ਼੍ਰੀ ਬਲਬੀਰ ਸਿੰਘ ਢਿਲੋਂ, ” | ਹਾਜ਼ਰ |
| 14. | 12 | ਸ਼੍ਰੀਮਤੀ ਗੁਰਮੇਜ਼ ਕੌਰ, ” | ਹਾਜ਼ਰ |
| 15. | 13 | ਸ਼੍ਰੀ ਮਨਦੀਪ ਕੁਮਾਰ ਜੱਸਲ, ” | ਹਾਜ਼ਰ |
| 16. | 14 | ਸ਼੍ਰੀਮਤੀ ਮਨਜੀਤ ਕੌਰ, ” | ਹਾਜ਼ਰ |
| 17. | 16 | ਸ਼੍ਰੀ ਅਰਜੁਨ ਸਿੰਘ ਪੱਪੀ, ” | ਹਾਜ਼ਰ |
| 18. | 17 | ਸ਼੍ਰੀ ਪਲਨੀ ਅੱਪਨ, ” | ਹਾਜ਼ਰ |
| 19. | 18 | ਸ਼੍ਰੀਮਤੀ ਸੁਮਨ ਸਹਿਗਲ, ” | ਹਾਜ਼ਰ |
| 20. | 20 | ਸ਼੍ਰੀ ਅਸ਼ਵਨੀ ਭੰਡਾਰੀ, ” | ਹਾਜ਼ਰ |
| 21. | 22 | ਸ਼੍ਰੀ ਕੰਵਲਜੀਤ ਸਿੰਘ ਬੇਦੀ, ” | ਹਾਜ਼ਰ |
| 22. | 23 | ਸ਼੍ਰੀਮਤੀ ਸੁਲੇਖਾ ਭਗਤ, ” | ਹਾਜ਼ਰ |
| 23. | 24 | ਸ਼੍ਰੀ ਗੁਰਵਿੰਦਰ ਬੰਟੀ ਨੀਲ ਕੰਠ, ” | ਹਾਜ਼ਰ |
| 24. | 25 | ਸ਼੍ਰੀ ਰਾਮ ਗੋਪਾਲ , ” | ਹਾਜ਼ਰ |
| 25. | 26 | ਸ਼੍ਰੀਮਤੀ ਕੰਵਲਜੀਤ ਕੌਰ ਗੁੱਲੂ, ” | ਹਾਜ਼ਰ |
| 26. | 27 | ਸ਼੍ਰੀ ਕ੍ਰਿਸ਼ਨ ਕੋਚਰ, ” | ਹਾਜ਼ਰ |

| | | | |
|---|---|---|---|
| 27. | 28 | ਸ਼੍ਰੀ ਵਰਿੰਦਰ ਪਾਲ ਸ਼ਰਮਾ , ” | ਹਾਜ਼ਰ |
| 28. | 30 | ਸ਼੍ਰੀਮਤੀ ਉਮਾ ਬੇਰੀ, ” | ਹਾਜ਼ਰ |
| 29. | 32 | ਸ਼੍ਰੀਮਤੀ ਸੱਤਿਆ, ” | ਹਾਜ਼ਰ |
| 30. | 33 | ਸ੍ਰੀਮਤੀ ਨੀਰਜਾ ਜੈਨ, ” | ਹਾਜ਼ਰ |
| 31. | 34 | ਸ਼੍ਰੀਮਤੀ ਕੰਚਨ ਸ਼ਰਮਾ, ” | ਹਾਜ਼ਰ |
| 32. | 35 | ਸ਼੍ਰੀ ਜ਼ੋਗਿੰਦਰ ਸਿੰਘ ਟੋਨੀ, ” | ਹਾਜ਼ਰ |
| 33. | 36 | ਸ਼੍ਰੀਮਤੀ ਅਨੀਤਾ, ” | ਹਾਜ਼ਰ |
| 34. | 37 | ਸ਼੍ਰੀ ਜਗਦੀਸ਼ ਰਾਜ, ” | ਹਾਜ਼ਰ |
| 35. | 38 | ਸ਼੍ਰੀ ਰਵੀ ਮਹਿੰਦਰੂ, ” | ਹਾਜਰੀ ਲਾਉਣ ਤੋਂ ਇਨਕਾਰੀ |
| 36. | 39 | ਸ਼੍ਰੀਮਤੀ ਜਸਪਾਲ ਕੌਰ ਨਾਗਰਾ, ” | ਹਾਜ਼ਰ |
| 37. | 40 | ਸ਼੍ਰੀ ਪ੍ਰਦੀਪ ਸਿੰਘ, ” | ਹਾਜ਼ਰ |
| 38. | 41 | ਸ਼੍ਰੀ ਦਰਸ਼ਨ ਲਾਲ, ” | ਹਾਜ਼ਰ |
| 39. | 42 | ਸ਼੍ਰੀ ਬਲਦੇਵ ਸਿੰਘ, ” | ਹਾਜ਼ਰ |
| 40. | 43 | ਸ਼੍ਰੀ ਪ੍ਰੀਤਮ ਸਿੰਘ, ” | ਹਾਜ਼ਰ |
| 41. | 44 | ਸ਼੍ਰੀਮਤੀ ਗੁਰਵਿੰਦਰ ਕੌਰ, ” | ਹਾਜ਼ਰ |
| 42. | 47 | ਸ੍ਰੀ ਹਰਸਿਮਰਨਜੀਤ ” | ਹਾਜ਼ਰ |
| 43. | 48 | ਸ੍ਰੀਮਤੀ ਅਮਨਜੀਤ ਕੌਰ ਮੇਜਰ ” | ਹਾਜ਼ਰ |
| 44. | 49 | ਸ੍ਰੀਮਤੀ ਕਮਲੇਸ਼ ਗਰੋਵਰ, ” | ਹਾਜ਼ਰ |
| 45. | 51 | ਸ਼੍ਰੀ ਤਰਸੇਮ ਸਿੰਘ, ” | ਹਾਜ਼ਰ |
| 46. | 52 | ਸ੍ਰੀ ਕਸਤੂਰੀ ਲਾਲ, ” | ਹਾਜ਼ਰ |
| 47. | 53 | ਸ਼੍ਰੀ ਵਿਪਨ ਕੁਮਾਰ, ” | ਹਾਜ਼ਰ |
| 48. | 54 | ਸ਼੍ਰੀ ਪਵਨ ਕੁਮਾਰ, ” | ਹਾਜ਼ਰ |
| 49. | 55 | ਸ਼੍ਰੀਮਤੀ ਅਰੁਨਾ ਅਰੋੜਾ, ” | ਹਾਜ਼ਰ |
| 50. | 57 | ਸ੍ਰੀ ਬਲਰਾਜ ਠਾਕੁਰ, ” | ਹਾਜ਼ਰ |
| 51 | 58 | ਸ਼੍ਰੀਮਤੀ ਸੁਰਿੰਦਰ ਕੌਰ, ” | ਹਾਜ਼ਰ |
| 52 | 59 | ਸ਼੍ਰੀ ਦਰਸ਼ਨ ਲਾਲ, ” | ਹਾਜ਼ਰ |
| 53 | 60 | ਸ਼੍ਰੀਮਤੀ ਪਰਮਿੰਦਰ ਕੌਰ ਪੰਨੂ, ” | ਹਾਜ਼ਰ |

ਹਾਊਸ ਵਿਚ ਹਾਜਰ ਮੈਂਬਰ ਸਾਹਿਬਾਨ 53
ਜਿਹਨਾਂ ਵਿਚੋਂ 3 ਮੈਂਬਰ ਸਾਹਿਬਾਨ ਨੇ ਹਾਜਰੀ ਲਗਾਉਣ ਤੋਂ ਇਨਕਾਰੀ ਕੀਤੀ।
ਜਿਹਨਾਂ ਮੈਂਬਰ ਸਾਹਿਬਾਨ ਨੇ ਹਾਜਰੀ ਤੇ ਦਸਤਖਤ ਕੀਤੇ ਦੀ ਗਿਣਤੀ 50

ਸਹੀ/-
ਸੁਨੀਲ ਜਯੋਤੀ, ਮੇਅਰ
31.3.2017

ਮੇਅਰ ਜੀ ਵਲੋਂ ਮੀਟਿੰਗ ਹਾਲ ਵਿੱਚ ਹਾਜ਼ਰ ਐਮ.ਐਲ.ਏ. ਸਾਹਿਬਾਨ ਸਰਵਸ੍ਰੀ ਪਰਗਟ ਸਿੰਘ ਜੀ, ਸ੍ਰੀ ਰਜਿੰਦਰ ਬੇਰੀ ਜੀ, ਸ੍ਰੀ ਸੁਸ਼ੀਲ ਰਿੰਕੂ ਜੀ, ਸ੍ਰੀ ਸੁਰਿੰਦਰ ਸਿੰਘ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਨੂੰ ਜੀ ਆਇਆ ਆਖਿਆ ਅਤੇ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ।ਮੇਅਰ ਜੀ ਵਲੋਂ ਸਮੂਹ ਕੋਂਸਲਰਾਂ ਅਤੇ ਮੀਡਿਆ ਦੇ ਆਏ ਨੁਮਾਇੰਦਿਆਂ ਨੂੰ ਵੀ ਜੀ ਆਇਆ ਆਖਿਆ ।

ਮੀਟਿੰਗ ਅਜੇ ਸ਼ੁਰੂ ਨਹੀਂ ਹੋਈ ਸੀ ਕਿ ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਇਹ ਦੱਸੋ ਕਿ ਕੀ ਤੁਹਾਡੇ ਕੋਲ ਬਹੁਮਤ ਹੈ ਅੱਜ ਦੀ ਮੀਟਿੰਗ ਕਰਨ ਦਾ ।

ਮੇਅਰ ਜੀ ਨੇ ਇਸ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇੰਝ ਬਹੁਮਤ ਨਹੀਂ ਮੰਗੀਦਾ । ਨਿਯਮਾਂ ਅਨੁਸਾਰ ਤੁਸੀਂ ਬੇ-ਭਰੋਸਗੀ ਦਾ ਮਤਾ ਪੇਸ਼ ਕਰੋ ਤਾਂ ਉਸ ਤੇ ਨਿਯਮਾਂ ਅਨੁਸਾਰ ਵੋਟਿੰਗ ਕਰਵਾ ਲਈ ਜਾਵੇਗੀ ।

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ, ਵਲੋਂ ਸਮੂਹ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਜਲੰਧਰ ਸ਼ਹਿਰ ਦੇ ਮਾਨਯੋਗ ਐਮ.ਐਲ.ਏ. ਸਾਹਿਬਾਨ ਸਰਵਸ੍ਰੀ ਪਰਗਟ ਸਿੰਘ ਜੀ, ਸ੍ਰੀ ਰਜਿੰਦਰ ਬੇਰੀ ਜੀ, ਸ੍ਰੀ ਸੁਸ਼ੀਲ ਰਿੰਕੂ ਜੀ, ਸ੍ਰੀ ਸੁਰਿੰਦਰ ਸਿੰਘ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵਿਸ਼ੇਸ਼ੇ ਤੌਰ ਤੇ ਹਾਜ਼ਰ ਹੋਏ ਹਨ । ਅਸੀਂ ਸਾਰੇ ਕੌਂਸਲਰ ਉਹਨਾਂ ਨੂੰ ਜੀ ਆਇਆ ਆਖ਼ਦੇ ਹਾਂ ਅਤੇ ਸਮੂਹ ਕੌਂਸਲਰਾਂ ਵਲੋਂ ਉਹਨਾਂ ਨੂੰ ਸਨਮਾਨਿਤ ਕਰਾਂਗੇ । ਇਸ ਉਪਰੰਤ ਮੇਅਰ ਜੀ, ਸੀਨਿਅਰ ਡਿਪਟੀ ਮੇਅਰ, ਡਿਪਟੀ ਮੇਅਰ, ਅਤੇ ਹੋਰ ਕੌਂਸਲਰਾਂ ਵਲੋਂ ਮਾਨਯੋਗ ਐਮ.ਐਲ.ਏ. ਸਾਹਿਬਾਨ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਸਨਮਾਨਿਤ ਕੀਤਾ ਗਿਆ ।

ਇਸ ਉਪਰੰਤ ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਜੀ ਨੂੰ ਹਾਊਸ ਦੀ ਮਰਿਆਦਾ ਭੰਗ ਕਰਦੇ ਹੋਏ ਇੱਕ ਲੰਮੇ ਵਾਲਾਂ ਵਾਲਾ ਨਜ਼ਰਬੱਟੂ ਨੂੰ ਭੇਂਟ ਕੀਤਾ ।

ਇਸ ਉਪਰੰਤ ਮੇਅਰ ਜੀ ਨੇ ਸ੍ਰੀ ਗੁਰਦੇਵ ਸਿੰਘ ਬਾਦਲ, ਸਾਬਕਾ ਕੈਬੀਨੈਟ ਮੰਤਰੀ ਜੀ ਦੇ ਅਕਾਲ ਚਲਾਨਾ ਕਰ ਜਾਣ ਤੇ ਸ਼ੋਕ ਪ੍ਰਸਤਾਵ ਪੇਸ਼ ਕੀਤਾ ਅਤੇ ਸਮੂਹ ਹਾਊਸ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਿਆ ਗਿਆ।

ਇਸ ਉਪਰੰਤ ਮੇਅਰ ਜੀ ਨੇ ਬਜਟ ਸਬੰਧੀ ਚਰਚਾ ਕਰਨ ਲਈ ਆਦੇਸ਼ ਦਿੱਤੇ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਜਟ ਸਬੰਧੀ ਚਰਚਾ ਬਾਅਦ ਵਿੱਚ ਹੋਵੇਗੀ ਪਹਿਲਾਂ ਸਾਡੇ ਸਵਾਲਾ ਦੇ ਜਵਾਬ ਜਿਹੜੇ ਕਿ ਕਈ ਮੀਟਿੰਗਾਂ ਵਿੱਚ ਉਠਾਏ ਜਾਂਦੇ ਰਹੇ ਹਨ ਅਤੇ ਉਹਨਾਂ ਦੇ ਅੱਜ ਤੱਕ ਜਵਾਬ ਨਹੀਂ ਦਿੱਤੇ ਗਏ ਅਤੇ ਜੇਕਰ ਦਿੱਤੇ ਵੀ ਗਏ ਤਾਂ ਉਹ ਸੰਤੋਸ਼ਜਨਕ ਨਹੀਂ ਹਨ । ਇਸ ਲਈ ਪਹਿਲਾਂ ਮੇਰੇ ਪਿਛਲੇ ਸਵਾਲਾਂ ਦੇ ਜਵਾਬ ਦਿੱਤੇ ਜਾਣ ।ਇਸ ਤੋਂ ਇਲਾਵਾ ਮੈਨੂੰ ਪਤਾ ਲੱਗਾ ਹੈ ਕਿ ਅੱਜ ਦੀ ਮੀਟਿੰਗ ਵਿੱਚ ਤੁਸੀਂ ਜਿਹੜੇ ਜੇ.ਈ. ਅਤੇ ਐਸ.ਡੀ.ਓ. ਆਊਟ ਸੋਰਸ ਤੇ ਰੱਖੇ ਹੋਏ ਹਨ, ਉਹਨਾਂ ਨੂੰ ਤੁਸੀਂ ਪੈਸੇ ਲੈ ਕੇ ਰੈਗੂਲਰ ਕਰਨ ਬਾਰੇ ਮਤਾ ਪਾਉਣਾ ਚਾਹੁੰਦੇ ਹੋ ਜਿਹੜਾ ਕਿ ਅੱਜ ਦੀ ਮੀਟਿੰਗ ਵਿੱਚ ਬਿਲਕੁਲ ਪਾਸ ਨਹੀਂ ਹੋਣਾ ਚਾਹੀਦਾ।

ਸ੍ਰੀ ਪਰਗਟ ਸਿੰਘ, ਐਮ.ਐਲ.ਏ. ਜੀ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ.ਜੀ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਤਾਂ ਸਾਨੂੰ ਅਜੰਡਾ ਵੀ ਨਹੀਂ ਭੇਜਦੇ । ਜਿਸ ਤੇ ਮੇਅਰ ਜੀ ਨੇ ਅਜੰਡਾ ਸ਼ਾਖਾ ਦਾ ਰਿਕਾਰਡ ਦਿਖਾਉਣ ਲਈ ਕਿਹਾ ਅਤੇ ਮੌਕੇ ਤੇ ਅਜੰਡਾ ਭੇਜਣ ਸਬੰਧੀ ਰਿਕਾਰਡ ਦਿਖਾਇਆ ਗਿਆ।

ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਮੈਂ ਵਰਕਸ਼ਾਪ ਕਮੇਟੀ ਦਾ ਚੇਅਰਮੈਨ ਹਾਂ । ਜਿੰਨੀ ਵੀ ਸਵੱਛ ਭਾਰਤ ਸਕੀਮ ਤਹਿਤ ਗੱਡੀਆਂ ਦੀ ਖ਼ਰੀਦ ਕੀਤੀ ਗਈ ਹੈ ਮੈਨੂੰ ਜਾਂ ਕਮੇਟੀ ਨੂੰ ਉਸ ਬਾਰੇ ਕੋਈ ਮੀਟਿੰਗ ਨਹੀਂ ਕਰਵਾਈ ਗਈ ਅਤੇ ਖੁਦ ਹੀ ਅਧਿਕਾਰੀਆਂ ਵਲੋਂ ਮਸ਼ੀਨਰੀ ਦੀ ਖ਼ਰੀਦ ਕਰ ਲਈ ਗਈ । ਜਿੰਨੇ ਵੀ ਇਸ ਖ਼ਰੀਦ ਵਿੱਚ ਘੋਟਾਲੇ ਹੋਏ ਹਨ, ਉਸ ਵਿੱਚ ਕਿਹੜੇ - ਕਿਹੜੇ ਅਧਿਕਾਰੀ ਜਾਂ ਕਰਮਚਾਰੀ ਸ਼ਾਮਲ ਹਨ, ਦੱਸਿਆ ਜਾਵੇ । ਸਾਨੂੰ ਡੰਮੀ ਕਮੇਟੀਆਂ ਦੇ ਚੇਅਰਮੈਨ ਬਣਾਇਆ ਗਿਆ ਹੈ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਉਹ ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੌਂਸਲਰ ਦਾ ਸਮਰਥਨ ਕਰਦੇ ਹਨ । ਉਹਨਾਂ ਕਿਹਾ ਕਿ ਵਰਕਸ਼ਾਪ ਸ਼ਾਖਾ ਵਿੱਚ ਇੱਕ ਸੁਸ਼ੀਲ ਕੁਮਾਰ ਰਾਣਾ ਨਾਮ ਦਾ ਵਿਅੱਕਤੀ ਜਿਹੜਾ ਕਿ ਨਗਰ ਨਿਗਮ ਜਲੰਧਰ ਦਾ ਮੁਲਾਜ਼ਮ ਵੀ ਨਹੀਂ ਹੈ, ਕਿਸ ਤਰ੍ਹਾਂ ਲਗਾਇਆ ਗਿਆ ਹੈ । ਇਸ ਤੋਂ ਇਲਾਵਾ ਜਿਹੜੇ ਉਹਨਾਂ ਵਲੋਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 64 ਤਹਿਤ ਸਵਾਲ ਪੁੱਛੇ ਗਏ ਸਨ, ਉਹਨਾਂ ਦੇ ਜਵਾਬ ਦਿੱਤੇ ਜਾਣ ।

ਮੇਅਰ ਜੀ ਨੇ ਅਜੰਡਾ ਸੁਪਰਡੰਟ ਨੂੰ ਸ੍ਰੀ ਜਗਦੀਸ਼ ਰਾਜ ਰਾਜਾ ਦੇ ਸਵਾਲ ਪੜਣ ਲਈ ਕਿਹਾ ।

ਅਜੰਡਾ ਸੁਪਰਡੰਟ ਵਲੋਂ ਮੈਂਬਰ ਸਾਹਿਬਾਨ ਵਲੋਂ ਮਿਤੀ 20.1.2014 ਨੂੰ ਪੁੱਛੇ ਗਏ ਸਵਾਲ ਨੂੰ ਪੜਨਾ ਸ਼ੁਰੂ ਕੀਤਾ ਗਿਆ ਕਿ

*1. ਕਿਰਪਾ ਕਰਕੇ ਦੱਸਿਆ ਜਾਵੇ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1930 ਦੇ ਨਿਯਮ 3.6 ਅਨੁਸਾਰ ਨਗਰ ਨਿਗਮ ਦੇ ਮਹੀਨਾ ਵਾਰ ਖਾਤੇ ਦੀ ਫਾਰਮ ਜੀ-8 ਅਧੀਨ ਸੂਚਨਾ ਨਗਰ ਨਿਗਮ ਵਿੱਚ ਕਿਉਂ ਨਹੀਂ ਪੇਸ਼ ਕੀਤੀ ਜਾਂਦੀ । ਇਸ ਅਣਗਹਿਲੀ ਲਈ ਕੀ ਤੁਸੀਂ ਖੁੱਦ ਜ਼ਿੰਮੇਵਾਰ ਨਹੀ?*

ਦਫ਼ਤਰ ਵਲੋਂ ਜ਼ੋ ਜਵਾਬ ਦਿੱਤਾ ਗਿਆ ਉਸ ਦਾ ਵੇਰਵਾ ਪੜ੍ਹ ਕੇ ਸੁਣਾਇਆ ਗਿਆ ਕਿ

ਓਪਰੋਕਤ ਵਿਸ਼ੇ ਸਬੰਧੀ ਆਪ ਜੀ ਵੱਲੋਂ ਮਿਤੀ 20.1.2014 ਨੂੰ ਸਵਾਲ ਪੁੱਛੇ ਗਏ ਸਨ।ਜਿਹਨਾਂ ਵਿਚ ਲੜੀ ਨੰ:1 ਦੇ ਪੁਆਇੰਟ 1 ਅਤੇ 2 ਡੀ.ਸੀ.ਐਫ.ਏ (ਜ) ਨਾਲ ਸਬੰਧਤ ਸਨ। ਇਥੇਂ ਇਹ ਵੀ ਦੱਸਿਆ ਜਾਂਦਾ ਹੈ ਕਿ ਲੜੀ ਨੰ:1 ਦੇ ਪੁਆਇੰਟ 1 ਵਿਚ ਆਪ ਜੀ ਵੱਲੋਂ ਪੁੱਛਿਆ ਗਿਆ ਸੀ ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ, 1930 ਦੇ ਨਿਯਮ 3.6 ਅਨੁਸਾਰ ਨਗਰ ਨਿਗਮ ਦੇ ਮਹੀਨਾਵਾਰ ਖਾਤੇ ਦੀ ਫਾਰਮ ਜੀ-8 ਅਧੀਨ ਸੂਚਨਾਂ ਨਗਰ ਨਿਗਮ ਵਿਚ ਕਿਉਂ ਪੇਸ਼ ਨਹੀਂ ਕੀਤੀ ਜਾਂਦੀ।ਇਸ ਸਬੰਧ ਵਿਚ ਦੱਸਣਯੋਗ ਹੈ ਕਿ ਉਕਤ ਪ੍ਰੋਫਾਰਮਾ ਜੀ-4 ਰੂਲ III-6 ਹੈ।ਜੋ ਕਿ Monthly Account ਬਾਰੇ ਹੈ ਅਤੇ ਸਬੰਧਤ ਐਕਟ ਮਿਉਸਿਪਲ ਅਕਾਊਂਟ ਕੋਡ 1930 ਹੈ।ਆਪ ਦੀ ਜਾਣਕਾਰੀ ਹਿੱਤ ਪ੍ਰੇਸ਼ ਹੈ।

1. ਮਿਉਂਸਿਪਲ ਅਕਾਉਂਟ ਕੋਡ 1930 ਦੇ ਨਿਯਮ 3.6 ਅਨੁਸਾਰ ਨਗਰ ਨਿਗਮ ਦੇ ਮਹੀਨਾਵਾਰ ਖਾਤੇ ਦੀ ਫਾਰਮ ਜੀ.8 ਅਧੀਨ ਜੋ ਸੂਚਨਾਂ ਨਗਰ ਨਿਗਮ ਦੀ ਮੀਟਿੰਗ ਵਿੱਚ ਆਮਦਨ ਅਤੇ ਖਰਚੇ ਸਬੰਧੀ ਜੋ ਆਕੜੇ ਪੇਸ਼ ਕਰਨੇ ਹੁੰਦੇ ਹਨ,ਇਸ ਸਬੰਧ ਵਿਚ ਇਹ ਦਸਿਆ ਜਾਂਦਾ ਹੈ ਕਿ ਸਾਲਾਨਾ ਬਜੱਟ ਦੇ ਸੋਧੇ ਹੋਏ ਅਤੇ ਅਨੁਮਾਨਤ ਆਕੜੇ ਪੇਸ਼ ਕਰਨ ਸਮੇਂ ਪਿਛਲੇ ਕਾਫੀ ਸਮੇਂ ਤੋਂ ਚਲ ਰਹੀ ਪ੍ਰਥਾ ਅਨੁਸਾਰ ਚਾਲੂ ਸਾਲ ਦੇ ਵਿਚ ਹੋਈ ਆਮਦਨ ਅਤੇ ਖਰਚੇ ਦੇ ਰਿਵਾਈਜ਼ਡ/ਅਨੁਮਾਨਤ ਆਕੜੇ ਨਗਰ ਨਿਗਮ ਹਾਊਸ ਵਿਚ ਰੱਖੇ ਜਾਂਦੇ ਹਨ ਅਤੇ ਨਗਰ ਨਿਗਮ ਹਾਊਸ ਦੀ ਮੰਜ਼ੂਰੀ ਉਪਰੰਤ ਸਥਾਨਕ ਸਰਕਾਰ ਵਿਭਾਗ ਵੱਲੋਂ ਪਾਸ ਕੀਤੇ ਜਾਂਦੇ ਹਨ ਅਤੇ ਉਸ ਅਨੁਸਾਰ ਹੀ ਆਮਦਨ ਅਤੇ ਖਰਚੇ ਕੀਤਾ ਜਾਂਦਾ ਹੈ।

ਮੈਂਬਰ ਸਾਹਿਬਾਨ ਨੇ ਕਮਿਸ਼ਨਰ ਜੀ ਨੂੰ ਪੁੱਛਿਆ ਕਿ ਦਫ਼ਤਰ ਵਲੋਂ ਪ੍ਰਥਾ ਲਫ਼ਜ਼ ਦਾ ਇਸਤੇਮਾਲ ਕੀਤਾ ਗਿਆ ਹੈ । ਦੱਸੋ ਕਿ ਪ੍ਰਥਾ ਕੀ ਹੁੰਦੀ ਹੈ?

ਕਮਿਸ਼ਨਰ ਜੀ ਵਲੋਂ ਜਵਾਬ ਦਿੰਦਿਆਂ ਕਿਹਾ ਕਿ ਇਹ ਜਵਾਬ 2014 ਨੂੰ ਭੇਜਿਆ ਗਿਆ ਹੈ । ਮੈਨੂੰ ਰਿਕਾਰਡ ਦੇਖਣਾ ਪਵੇਗਾ ਕਿ ਕੌਣ ਅਧਿਕਾਰੀ ਅਤੇ ਕਿਸ ਪੱਧਰ ਦੀ ਨੈਗਲੀਜੈਂਸ ਹੋਈ ਹੈ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਵਲੋਂ ਅਵਾਰਾ ਕੁੱਤਿਆਂ ਦੇ ਸਬੰਧ ਵਿੱਚ ਬੋਲਦਿਆਂ ਕਿਹਾ ਕਿ ਜੇਕਰ ਨੰਗਲ ਸ਼ਾਮਾ ਵਿਖੇ ਬਿਲਡਿੰਗ ਤਿਆਰ ਹੋ ਗਈ ਹੈ ਤਾਂ ਉਥੇ ਕੁੱਤਿਆਂ ਦੀ ਨਸਬੰਦੀ ਦਾ ਕੰਮ ਜਲਦ ਸ਼ੁਰੂ ਕਰਵਾਇਆ ਜਾਵੇ ਤਾਂ ਜ਼ੋ ਆਮ ਲੋਕਾਂ ਨੂੰ ਇਸ ਸੱਮਸਿਆ ਤੋਂ ਨਿਜਾਤ ਮਿਲ ਸਕੇ ।ਕਿਉਂ ਜ਼ੋ ਮੇਰੇ ਵਾਰਡ ਵਿੱਚ ਇੱਕੋ ਕੁੱਤੇ ਨੇ ਇੱਕ ਵਿਅੱਕਤੀ ਨੂੰ ਦੋ ਵਾਰ ਕੱਟਿਆ ਹੈ ।

ਸ੍ਰੀ ਵਿਪਨ ਕੁਮਾਰ, ਕੌਂਸਲਰ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਪਹਿਲਾਂ ਆਪਣਾ ਬਹੁਮਤ ਤਾਂ ਸਾਬਤ ਕਰੋ ।

ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਵਲੋਂ ਇਸ ਸਬੰਧ ਵਿੱਚ ਕਿਹਾ ਗਿਆ ਕਿ ਪਿਛਲੀ ਮੀਟਿੰਗ ਵਿੱਚ ਧੱਕੇ ਨਾਲ ਸ੍ਰੀ ਕੁਲਦੀਪ ਸਿੰਘ ਓਬਰਾਏ, ਸਾਬਕਾ ਕੌਂਸਲਰ ਵਲੋਂ ਸੰਚਾਲਤ ਸੋਸਾਇਟੀ ਤੋਂ ਇਹ ਕੰਮ ਵਾਪਸ ਲਿਆ ਗਿਆ ਜਿਸ ਨੂੰ ਅੱਜ ਦੀ ਮੀਟਿੰਗ ਦੀ ਪਹਿਲੀ ਮੱਦ ਜਿਹੜੀ ਕਿ ਉਸਦੀ ਪੁਸ਼ਟੀ ਨਾਲ ਸਬੰਧਤ ਹੈ, ਨੂੰ ਰੱਦ ਕੀਤਾ ਜਾਵੇ । ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਉਹ ਜਨਤਾ ਦੇ ਚੁੰਣੇ ਹੋਏ ਨੁਮਾਇੰਦੇ ਹਨ ਅਤੇ ਮੇਅਰ ਜੀ ਵਲੋਂ ਪਿਛਲੀ ਮੀਟਿੰਗ ਵਿੱਚ ਉਹਨਾਂ ਵਲੋਂ ਅਤੇ ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ ਵਲੋਂ ਲੋਕਾਂ ਦੇ ਹੱਕ ਵਿੱਚ ਉਠਾਏ ਗਏ ਮੁੱਦਿਆਂ ਨੂੰ ਸੁਣੇ ਬਗੈਰ ਸਸਪੈਂਡ ਕੀਤਾ ਗਿਆ । ਇਹਨਾਂ ਹੀ ਨਹੀਂ ਬਲਕਿ ਵਿਜੀਲੈਂਸ ਨੂੰ ਲਿਖਿਆ ਗਿਆ । ਉਹ ਪੁੱਛਦੇ ਹਨ ਕਿ ਕੀ ਤੁਸੀਂ ਇੰਝ ਲਿਖ ਸਕਦੇ ਹੋ ?

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਅਤੇ ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਲੋਂ ਕਿਹਾ ਗਿਆ ਕਿ ਮੇਅਰ ਸਾਹਿਬ ਤੁਸੀਂ ਪਹਿਲਾਂ ਆਪਣਾ ਬਹੁਮਤ ਸਾਬਤ ਕਰੋ । ਬਹੁਮਤ ਸਾਬਤ ਕੀਤੇ ਬਿਨਾਂ ਅਸੀਂ

ਮੀਟਿੰਗ ਨਹੀਂ ਚੱਲਣ ਦੇਣੀ ਅਤੇ ਤੁਹਾਨੂੰ ਇੱਥੋਂ ਪਾਸ-ਪਾਸ ਕਹਿ ਕੇ ਨਹੀਂ ਜਾਣ ਦੇਣਾ ।ਹੁਣ ਸਰਕਾਰ ਸਾਡੀ ਹੈ ਅਤੇ ਉਹਨਾਂ ਅਜੰਡਾ ਸੁਪਰਡੰਟ ਨੂੰ ਲਗਾਤਾਰ ਧਮਕਾਇਆ ਕਿ ਤੂੰ ਅੰਜਡਾ ਸਾਡੇ ਪੁੱਛੇ ਬਗੈਰ ਨਹੀਂ ਪੜਨਾ ਅਤੇ ਐਵੈਂ ਆਪਣਾ ਨੁਕਸਾਨ ਨਾ ਕਰਵਾ ਲਈ ।ਉਹਨਾਂ ਕਮਿਸ਼ਨਰ ਜੀ ਨੂੰ ਵੀ ਗੁੱਸੇ ਨਾਲ ਸੰਬੋਧਤ ਕੀਤਾ ਕਿ ਸਾਡੇ ਪੁੱਛੇ ਬਗੈਰ ਅਜੰਡਾ ਨਹੀਂ ਪੜਿਆ ਜਾਣਾ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਵਾਰ-ਵਾਰ ਕਿਹਾ ਕਿ ਇੰਝ ਤੁਸੀਂ ਸਰਕਾਰੀ ਮੁਲਾਜ਼ਮਾਂ ਨੂੰ ਨਹੀਂ ਧਮਕਾ ਸਕਦੇ ।

ਮੇਅਰ ਜੀ ਨੇ ਕਿਹਾ ਕਿ ਇੰਝ ਬਹੁਮਤ ਨਹੀਂ ਮੰਗੀਦਾ । ਨਿਯਮਾਂ ਅਨੁਸਾਰ ਤੁਸੀਂ ਬੇ-ਭਰੋਸਗੀ ਦਾ ਮਤਾ ਪੇਸ਼ ਕਰੋ ਤਾਂ ਉਸ ਤੇ ਨਿਯਮਾਂ ਅਨੁਸਾਰ ਵੋਟਿੰਗ ਕਰਵਾ ਲਈ ਜਾਵੇਗੀ ।

ਸ੍ਰੀ ਜਗਦੀਸ਼ ਰਾਜ ਰਾਜਾ ਨੇ ਮੇਅਰ ਜੀ ਦੇ ਅੱਗੇ ਪਿਆ ਮਾਇਕ ਚੁੱਕ ਲਿਆ । ਉਹਨਾਂ ਦੇ ਨਾਲ ਸ੍ਰੀ ਪਵਨ ਕੁਮਾਰ, ਸ੍ਰੀ ਵਿਪਨ ਕੁਮਾਰ, ਸ੍ਰੀ ਦੇਸ ਰਾਜ ਜੱਸਲ, ਸ੍ਰੀ ਤਰਸੇਮ ਸਿੰਘ ਅਤੇ ਸ੍ਰੀ ਪ੍ਰਦੀਪ ਸਿੰਘ ਰਾਏ, ਕੌਂਸਲਰ ਵੀ ਆ ਗਏ ਅਤੇ ਮੇਅਰ ਜੀ ਨੂੰ ਘੇਰਾ ਪਾ ਲਿਆ ਅਤੇ ਮੰਗ ਕੀਤੀ ਕਿ ਤੁਸੀਂ ਪਹਿਲਾਂ ਅੱਜ ਦੀ ਮੀਟਿੰਗ ਸ਼ੁਰੂ ਕਰਨ ਲਈ ਵੋਟਿੰਗ ਕਰਵਾਓ । ਮੇਅਰ ਜੀ ਨੇ ਹਾਜ਼ਰ ਮੈਂਬਰਾਂ ਨੂੰ ਵੋਟਿੰਗ ਲਈ ਹੱਥ ਖੜੇ ਕਰਨ ਲਈ ਕਿਹਾ ਜਿਸ ਤੇ ਸੱਤਾ ਧਿਰ ਦੇ ਮੈਂਬਰਾਂ ਵਲੋਂ ਹੱਥ ਖ਼ੜੇ ਕਰਕੇ ਮੀਟਿੰਗ ਦਾ ਅਜੰਡਾ ਪੜ੍ਹਣ ਲਈ ਕਿਹਾ । ਇਸੇ ਦੌਰਾਨਾ ਸ੍ਰੀ ਦੇਸ ਰਾਜ ਜੱਸਲ ਨੇ ਕਿਹਾ ਕਿ ’ਚੁੱਕੋ ਸਾਲੇ ਨੂੰ ਕੁਰਸੀ ਸਮੇਤ ਬਾਹਰ ਸੁੱਟੋ। ਮੇਅਰ ਲੋਰ ਵਿੱਚ ਹੈ ਇਸ ਦਾ ਡੋਪ ਟੈਸਟ ਹੋਣਾ ਚਾਹੀਦਾ ਹੈ । ਪਹਿਲਾਂ ਮੇਅਰ ਸਾਹਿਬ ਆਪਣਾ ਬਹੁਮਤ ਸਾਬਤ ਕਰੋ ਫਿਰ ਹੀ ਮੀਟਿੰਗ ਸ਼ੁਰੂ ਹੋਵੇਗੀ । ਇਸ ਦੌਰਾਣ ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਨੇ ਕਿਹਾ ਕਿ ਇਹਦੇ ਕੋਲ ਤਾਂ ਮਤ ਹੀ ਨਹੀਂ ਹੈ ਤੇ ਬਹੁਮਤ ਕਿਥੋਂ ਹੋਵੇਗਾ ।ਮੈਂ ਅੱਜ ਇਸ ਨੂੰ ਮੀਟਿੰਗ ਧੱਕੇ ਨਾਲ ਨਹੀਂ ਕਰਣ ਦੇਣੀ ਅਤੇ ਜੇ ਇਹ ਭੱਜਿਆ ਤਾਂ ਮੈਂ ਅੜਿੰਗਾ ਪਾ ਕੇ ਸੁੱਟ ਦੇਣਾ ਇਹਨੂੰ। ਇਸ ਦੌਰਾਣ ਸ੍ਰੀ ਦੇਸ ਰਾਜ ਜੱਸਲ ਅਤੇ ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਟੇਬਲਾਂ ਤੇ ਖ਼ੜੇ ਹੋ ਗਏ ਅਤੇ ਨਾਰੇਬਾਜ਼ੀ ਸ਼ੁਰੂ ਕਰ ਦਿੱਤੀ । ਜਿਸ ਨਾਲ ਹਾਊਸ ਦੀ ਮਰਿਆਦਾ ਨੂੰ ਭੰਗ ਕੀਤਾ ਗਿਆ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਵਲੋਂ ਮੇਅਰ ਜੀ ਨੂੰ ਇਸ ਸਬੰਧੀ ਕੌਂਸਲਰਾਂ ਦੇ ਹੱਥ ਖੜ੍ਹੇ ਕਰਵਾਉਣ ਲਈ ਕਿਹਾ ਗਿਆ ।

ਇਸੇ ਦੌਰਾਣ ਸ੍ਰੀ ਪ੍ਰਦੀਪ ਸਿੰਘ ਰਾਏ, ਕੌਂਸਲਰ ਵਲੋਂ ਕਮਿਸ਼ਨਰ ਜੀ ਨੂੰ ਗਲਤ ਭਾਸ਼ਾ ਦਾ ਇਸਤੇਮਾਲ ਕਰ ਕੇ ਸੰਬੋਧਤ ਕੀਤਾ ਗਿਆ ਜਿਸ ਤੇ ਕਮਿਸ਼ਨਰ ਜੀ ਨੇ ਉਹਨਾਂ ਨੂੰ ਮਰਿਆਦਾ ਵਿੱਚ ਰਹਿ ਕੇ ਗੱਲ ਕਰਨ ਲਈ ਕਿਹਾ।

ਮੀਟਿੰਗ ਵਿੱਚ ਹਾਜ਼ਰ ਐਮ.ਐਲ.ਏ. ਸਾਹਿਬਾਨ ਸ੍ਰੀ ਸੁਸ਼ੀਲ ਕੁਮਾਰ ਰਿੰਕੂ ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਜੇਕਰ ਕੌਂਸਲਰ ਵੋਟਿੰਗ ਦੀ ਮੰਗ ਕਰ ਰਹੇ ਹਨ ਤਾਂ ਕਰਵਾਈ ਜਾਵੇ ।ਉਹਨਾਂ ਕਮਿਸ਼ਨਰ ਜੀ ਨੂੰ ਇਹ ਵੀ ਪੁੱਛਿਆ ਕਿ ਕੀ ਐਮ.ਐਲ.ਏ. ਸਾਹਿਬਾਨ ਨੂੰ ਵੋਟਿੰਗ ਦਾ ਅਧਿਕਾਰ ਹੈ ?

ਕਮਿਸ਼ਨਰ ਜੀ ਵਲੋਂ ਜਵਾਬ ਦਿੰਦੇ ਹੋਏ ਦੱਸਿਆ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 5 (1) (2) ਤਹਿਤ ਸ਼ਹਿਰ ਦੀ ਸੀਮਾ ਅੰਦਰ ਪੈਂਦੇ ਵਿਧਾਨ ਸਭਾ ਹਲਕੇ ਜਾਂ ਕਿਸੇ ਹੋਰ ਵਿਧਾਨ ਸਭਾ ਹਲਕਾ ਜਿਸ ਦਾ ਇਲਾਕਾ ਸ਼ਹਿਰ ਦੀ ਸੀਮਾ ਅੰਦਰ ਆਉਂਦਾ ਹੋਵੇ, ਦੇ ਐਮ.ਐਲ.ਏ.ਸਾਹਿਬਾਨ ਨਗਰ ਨਿਗਮ ਦੇ ਐਕਸ-ਐਫੀਸ਼ਿਓ ਮੈਂਬਰ ਹੁੰਦੇ ਹਨ ।

ਜਿੱਥੋਂ ਤੱਕ ਮੀਟਿੰਗ ਵਿੱਚ ਕਿਸੇ ਮੁੱਦੇ ਤੇ ਵੋਟਿੰਗ ਦਾ ਸਵਾਲ ਹੈ ਤਾਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 61 (1) ਵਿੱਚ ਇਹ ਉਪਬੰਧ ਹੈ ਕਿ ਹਾਜ਼ਰ ਮੈਂਬਰ ਵੋਟਿੰਗ ਕਰ ਸਕਦੇ ਹਨ। ਮੈਂਬਰ ਦੀ ਪਰਿਭਾਸ਼ਾ ਇਸੇ ਐਕਟ ਦੀ ਧਾਰਾ 2(25) ਤਹਿਤ ਇਹ ਉਪਬੰਧ ਹੈ ਕਿ ਮੈਂਬਰ ਦਾ ਮਤਲਬ ਚੁਣਿਆ ਹੋਇਆ ਕੌਂਸਲਰ। ਪੰਜਾਬ ਮਿਉਂਸਪਲ ਕਾਰਪੋਰੇਸ਼ਨ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਇਲੈਕਸ਼ ਰੂਲਜ਼, 1991 ਵਿੱਚ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ ਐਕਸ ਐਫੀਸ਼ਿਓ ਮੈਂਬਰ ਵੀ ਵੋਟ ਦਾ ਹੱਕ ਰੱਖਦੇ ਹਨ ।

ਇਸ ਤੇ ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਕਿਹਾ ਗਿਆ ਕਿ ਜੇਕਰ ਮੇਅਰ ਦੀ ਚੋਣ ਲਈ ਐਕਸ ਐਫੀਸ਼ਿਓ ਮੈਂਬਰ ਵੋਟ ਦਾ ਹੱਕ ਰੱਖਦਾ ਹੈ ਤਾਂ ਕੀ ਉਸ ਨੂੰ ਪਦਮੁਕਤ ਕਰਨ ਲਈ ਵੀ ਵੋਟ ਦਾ ਹੱਕ ਰੱਖਦਾ ਹੈ ਜਿਸ ਤੇ ਕਮਿਸ਼ਨਰ ਜੀ ਨੇ ਕਿਹਾ ਕਿ ਜੀ ਹਾਂ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਮਿਸ਼ਨਰ ਜੀ ਨੂੰ ਸੰਬੋਧਣ ਕਰਦਿਆਂ ਕਿਹਾ ਕਿ ਜਿਹੜੇ ਮੈਂਬਰ ਸਾਹਿਬਾਨ ਆਪਣੇ ਸਵਾਲਾਂ ਦੇ ਜਵਾਬ ਮੰਗ ਰਹੇ ਹਨ, ਤੁਸੀਂ ਉਹਨਾਂ ਦੇ ਜਵਾਬ ਕਿਓਂ ਨਹੀਂ ਦੇ ਰਹੇ । ਇਹ ਲੋਕਾਂ ਦੇ ਪੈਸਿਆਂ ਦਾ ਹਿਸਾਬ ਮੰਗ ਰਹੇ ਹਨ । ਲੋਕਾਂ ਦੀ ਪਾਈ-ਪਾਈ ਦਾ ਹਿਸਾਬ ਸਰਕਾਰ ਵਲੋਂ ਦਿੱਤਾ ਜਾਣਾ ਚਾਹੀਦਾ ਹੈ ।

ਮੇਅਰ ਜੀ ਨੇ ਸਾਰੇ ਮੈਂਬਰਾਂ ਨੂੰ ਕਿਹਾ ਕਿ ਤੁਸੀਂ ਪਿਛਲੇ ਸਵਾਲ ਜਾਂ ਜਿਹੜੇ ਵੀ ਸਵਾਲ ਹਨ, ਲਿਖ ਕੇ ਦੇ ਦਿਓ । ਮੈਂ ਉਸ ਬਾਰੇ ਅੱਜ ਹੀ ਮੀਟਿੰਗ ਦੀ ਮਿਤੀ ਨਿਸ਼ਚਿਤ ਕਰਦਾ ਹਾਂ ਅਤੇ ਸਿਰਫ ਉਹਨਾਂ ਸਵਾਲਾਂ ਸਬੰਧੀ ਹੀ ਮੀਟਿੰਗ ਕੀਤੀ ਜਾਵੇਗੀ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੇਅਰ ਜੀ ਨੂੰ ਕਿਹਾ ਕਿ ਐਕਟ ਵਿੱਚ ਇਹ ਉਪਬੰਧ ਵੀ ਹੈ ਕਿ ਚੇਅਰਮੈਨ ਦੀ ਪ੍ਰਵਾਨਗੀ ਨਾਲ ਕੋਈ ਵੀ ਮੱਦ ਰੱਖੀ ਜਾ ਸਕਦੀ ਹੈ । ਉਹ ਪੁੱਛਦੇ ਹਨ ਕਿ ਤੁਸੀਂ ਜਿਹੜੇ ਕੰਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਕੀਤੇ ਹਨ ਉਸ ਸਬੰਧੀ ਐਕਟ ਵਿੱਚ ਕੋਈ ਉਪਬੰਧ ਨਹੀਂ ਹੈ। ਇਹ ਪਾਵਰ ਤਾਂ ਉਦੋਂ ਵਰਤਣੀ ਚਾਹੀਦੀ ਹੈ ਜਦੋਂ ਬਹੁਤ ਜ਼ਿਆਦਾ ਆਪਾਤਕਾਲ ਦੀ ਸਥਿਤੀ ਹੋਵੇ । ਤੁਸੀਂ ਇਹ ਪਾਵਰ ਕਿਸ ਤਰ੍ਹਾਂ ਨਾਲ ਵਰਤ ਰਹੇ ਹੋ ਇਸ ਦਾ ਜਵਾਬ ਦਿੱਤਾ ਜਾਵੇ ।

ਕਮਿਸ਼ਨਰ ਜੀ ਨੇ ਦੱਸਿਆ ਕਿ ਐਕਟ ਵਿੱਚ ਇਹ ਉਪਬੰਧ ਨਹੀਂ ਹੈ । ਪਰ ਅਜਿਹੇ ਜਿੰਨੇ ਵੀ ਕੰਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪਾਸ ਕੀਤੇ ਜਾਂਦੇ ਹਨ, ਉਹ ਬਾਅਦ ਵਿੱਚ ਹਾਊਸ ਦੀ ਰੈਗੁਲਰ ਮੀਟਿੰਗ ਵਿੱਚ ਰੱਖੇ ਜਾਂਦੇ ਹਨ ਅਤੇ ਪ੍ਰਵਾਨ ਕੀਤੇ ਜਾਂਦੇ ਹਨ ।

ਸ੍ਰੀ ਜਗਦੀਸ਼ ਰਾਜ ਰਾਜਾ ਜੀ ਨੇ ਮੁੜ ਕਿਹਾ ਕਿ ਹਾਊਸ ਦੀ ਪਾਵਰ ਵਿੱਤ ਅਤੇ ਠੇਕਾ ਕਮੇਟੀ ਕਿਸ ਤਰ੍ਹਾਂ ਵਰਤ ਸਕਦੀ ਹੈ । ਸਾਈਟ ਚੇਂਜ ਕਰਨ ਦੀ ਪਾਵਰ ਸਿਰਫ ਹਾਊਸ ਕੋਲ ਹੈ । ਤੁਸੀਂ ਆਪਣੀ ਮਰਜੀ ਨਾਲ ਐਸਟੀਮੇਟ ਵਿੱਚ ਪ੍ਰਵਾਨਤ ਗਲੀਆਂ ਨੂੰ ਛੱਡ ਕੇ ਕਿਧਰੇ ਹੋਰ ਕੰਮ ਕਿਵੇਂ ਕਰਵਾ ਸਕਦੇ ਹੋ । ਪੰਜਾਬ ਮਿਊਂਸਪਲ ਅਕਾਊਂਟ ਕੋਡ, 1930 ਦੇ ਨਿਯਮ 3.6 ਅਨੁਸਾਰ ਹਰੇਕ ਮਹੀਨੇ ਖ਼ਰਚੇ ਦਾ ਲੇਖਾ-ਜ਼ੋਖਾ ਟੇਬਲ ਤੇ ਰੱਖਣਾ ਹੁੰਦਾ ਹੈ ਉਹ ਤੁਸੀਂ ਕਦੇ ਨਹੀਂ ਰੱਖਿਆ । ਸਾਨੂੰ ਕੀ ਪਤਾ ਕਿ ਕਿੰਨਾ ਪੈਸਾ ਕਿੱਥੇ ਖ਼ਰਚ ਕੀਤਾ ਜਾ ਰਿਹਾ ਹੈ।

ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ. ਜੀ ਵਲੋਂ ਮੁੱਦਾ ਉਠਾਇਆ ਗਿਆ ਕਿ ਸਾਬਕਾ ਐਮ.ਐਲ.ਏ. ਸ੍ਰੀ ਮਨੋਰੰਜਨ ਕਾਲੀਆ ਜੀ ਦੇ ਕਹਿਣ ਤੇ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਨੇ ਬਹੁਤ ਸਾਰੇ ਵਿਕਾਸ ਦੇ ਕੰਮਾਂ ਵਿੱਚ ਘਪਲੇ ਕੀਤੇ ਹਨ, ਉਹਨਾਂ ਨੂੰ ਤੁਰੰਤ ਸਸਪੈਂਡ ਕੀਤਾ ਜਾਵੇ ਜਾਂ ਉਹਨਾਂ ਦੀ ਅਗਲੀ ਐਕਸਟੈਂਸ਼ਨ ਨਾ ਦਿੱਤੀ ਜਾਵੇ ।

ਸ੍ਰੀਮਤੀ ਅਰਵਿੰਦਰ ਕੋਰ ਓਬਰਾਏ, ਡਿਪਟੀ ਮੇਅਰ ਨੇ ਵੀ ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ. ਜੀ ਨਾਲ ਸਮਰਥਨ ਕਰਦੇ ਹੋਏ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਦੇ ਵਿਰੁੱਧ ਦੋਸ਼ ਲਗਾਏ ਅਤੇ ਕਿਹਾ ਕਿ ਸਾਬਕਾ ਐਮ.ਐਲ.ਏ. ਸ੍ਰੀ ਮਨੋਰੰਜਨ ਕਾਲੀਆ ਜੀ ਦੇ ਦਬਾਓ ਹੇਠਾਂ ਸਾਡੇ ਵਿਕਾਸ ਦੇ ਕੰਮ ਜਾਣ-ਬੁਝ ਕੇ ਰੋਕੇ ਗਏ।

ਕਮਿਸ਼ਨਰ ਜੀ ਨੇ ਸ੍ਰੀ ਜਗਦੀਸ਼ ਰਾਜ ਰਾਜਾ ਜੀ ਨੂੰ ਉਹਨਾਂ ਵਲੋਂ ਪੁੱਛੇ ਪੰਜਾਬ ਮਿਊਂਸਪਲ ਅਕਾਊਂਟਸ ਕੋਡ, 1930 ਦੇ ਨਿਯਮ 3.6 ਸਬੰਧੀ ਕਿਹਾ ਕਿ ਮੈਂ ਦੇਖ ਕੇ ਦੱਸ ਸਕਦਾ ਹਾਂ ਕਿ ਇਹ ਕੀ ਮਾਮਲਾ ਹੈ ਅਤੇ ਕਿਉਂ ਨਹੀਂ ਤੁਹਾਡੇ ਅਨੁਸਾਰ ਹੋ ਰਿਹਾ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਮਿਸ਼ਨਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ Somebody has to be accountable. We have come in power against corruption. Pl. draft the letter and send it to the Government immediately.

ਕਮਿਸ਼ਨਰ ਜੀ ਨੇ ਮੁੜ ਕਿਹਾ ਕਿ ਮੈਂ ਦੇਖ ਲੈਂਦਾ ਹਾਂ ਕਿ ਇਹ ਕਿਉਂ ਨਹੀਂ ਰੱਖਿਆ ਗਿਆ ।

ਸ੍ਰੀ ਜਗਦੀਸ਼ ਰਾਜ ਰਾਜਾ ਜੀ ਨੇ ਕਮਿਸ਼ਨਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਅਧਿਕਾਰੀਆਂ ਪਾਸੋਂ ਸਹੀ ਡਿਊਟੀ ਨਹੀਂ ਲੈ ਰਹੇ । ਤੁਸੀਂ ਐਕਸ਼ਨ ਲਵੋ ।

ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ. ਜੀ ਵਲੋਂ ਇੱਕ ਘੰਟਾ ਪਹਿਲਾਂ ਮਾਨਯੋਗ ਸਥਾਨਕ ਸਰਕਾਰ ਜੀ ਨਾਲ ਸਾਰੇ ਵਿਧਾਇਕਾਂ ਦੀ ਮੀਟਿੰਗ ਹੋਈ ਹੈ । ਇਸ ਤੋਂ ਪਹਿਲਾਂ ਇਹ ਗੱਲ ਚੰਡੀਗੜ੍ਹ ਵਿਧਾਨ ਸਭਾ ਵਿੱਚ ਵੀ ਕੀਤੀ ਜਾ ਚੁੱਕੀ ਹੈ ਕਿ ਜਿੰਨੇ ਵੀ ਘੋਟਾਲੇ ਜਿਵੇਂ ਕਿ ਗਰੀਨ ਬੈਲਟਾਂ ਦਾ ਘੋਟਾਲਾ, ਪੈਚ ਵਰਕ ਦਾ ਘੋਟਾਲਾ, ਰੋਡ ਸਵੀਪੀਂਗ ਮਸ਼ੀਨ ਦਾ ਘੋਟਾਲਾ, ਮਸ਼ੀਨਰੀ ਦੀ ਖ਼ਰੀਦ ਦਾ ਘੋਟਾਲਾ ਆਦਿ ਸਾਰੇ ਉਜਾਗਰ ਹੋਣਗੇ । ਉਹਨਾਂ ਕਿਹਾ ਕਿ ਸਾਰੇ ਨਗਰ ਨਿਗਮ ਦੇ ਅਧਿਕਾਰੀ ਅੱਜ ਦੀ ਮੀਟਿੰਗ ਸਹੀ ਤਰੀਕੇ ਨਾਲ ਕਰਵਾਉਣ । ਜੇਕਰ ਕੋਈ ਗਲਤੀ ਕੀਤੀ ਗਈ ਤਾਂ ਸਾਰਾ ਹਾਊਸ ਚੰਡੀਗੜ੍ਹ ਜਾ ਕੇ ਚਲੇਗਾ ।

ਸ੍ਰੀ ਪਰਗਟ ਸਿੰਘ, ਐਮ.ਐਲ.ਏ.ਜੀ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਨਗਰ ਨਿਗਮ ਦੇ ਕਸਟੋਡੀਅਨ ਹੋ । ਤੁਹਾਡਾ ਫਰਜ ਨਹੀਂ ਬਣਦਾ ਕਿ ਜਿਹੜੇ ਸਵਾਲ ਪੈਂਡਿੰਗ ਹਨ ਉਹਨਾਂ ਦਾ ਜਵਾਬ ਕਿਉਂ ਨਹੀਂ ਦਿੱਤਾ ਜਾਂਦਾ ।

ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਨੇ ਕਿਹਾ ਕਿ ਮੇਅਰ ਜੀ ਹਰ ਮੀਟਿੰਗ ਧੱਕੇ ਨਾਲ ਹੀ ਕਰਵਾਉਂਦੇ ਆਏ ਹਨ ਜਿਸ ਕਰਕੇ ਅੱਜ ਅਸੀਂ ਹਾਰੇ ਹਾਂ ।

ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ. ਜੀ ਨੇ ਕਿਹਾ ਕਿ ਤੁਸੀਂ ਟਾਈਮ ਰੱਖ ਲਵੋ ਅਤੇ ਸਾਰੇ ਜਵਾਬ ਦਿਓ । ਬਿਨਾਂ ਸਵਾਲਾਂ ਦੇ ਜਵਾਬ ਦਿੱਤੇ ਬਜਟ ਪਾਸ ਨਹੀਂ ਹੋਵੇਗਾ । ਪਠਾਨਕੋਟ ਅਤੇ ਲੁਧਿਆਣੇ ਵੀ ਬਜਟ ਪਾਸ ਨਹੀਂ ਹੋਇਆ ਹੈ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਨੇ ਕਮਿਸ਼ਨਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਰਾਜਾ ਜੀ ਦੇ ਸਵਾਲਾਂ ਦੇ ਜਵਾਬ ਕਿਉਂ ਨਹੀਂ ਦੇ ਰਹੇ ਅਤੇ ਇਸ ਤੇ ਤੁਸੀਂ ਕੀ ਐਕਸ਼ਨ ਲੈ ਰਹੇ ਹੋ ।

ਕਮਿਸ਼ਨਰ ਜੀ ਨੇ ਕਿਹਾ Let me enquire about negligence.

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਨੇ ਕਿਹਾ Send it to the Head Quarter. ਤੁਹਾਡੇ ਕੋਲੋਂ ਨਹੀਂ ਹੋਣਾ । 4 ਸਾਲਾਂ ਤੋਂ ਤੁਹਾਡੇ ਕੋਲੋਂ ਇਨਕੁਆਰੀ ਨਹੀਂ ਹੋਈ ।

ਇਸ ਦੋਰਾਨ ਸ੍ਰੀ ਪਰਗਟ ਸਿੰਘ, ਐਮ.ਐਲ.ਏ. ਜੀ ਉਠ ਕੇ ਚਲੇ ਗਏ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਵਲੋਂ ਮੰਗ ਕੀਤੀ ਗਈ ਕਿ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਨੇ ਸਾਬਕਾ ਐਮ.ਐਲ.ਏ. ਦੇ ਕਹਿਣ ਤੇ ਜਿਹੜੇ ਘਪਲੇ ਕੀਤੇ ਹਨ, ਦੀ ਜਾਂਚ ਕਰਵਾਈ ਜਾਵੇ ।

ਸ੍ਰੀਮਤੀ ਅਰਵਿੰਦਰ ਕੋਰ ਓਬਰਾਏ, ਡਿਪਟੀ ਮੇਅਰ ਨੇ ਕਿਹਾ ਕਿ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਸਾਬਕਾ ਐਮ.ਐਲ.ਏ. ਦੇ ਕਹਿਣ ਤੇ ਸਾਰੇ ਠੇਕੇਦਾਰਾਂ ਨੂੰ ਬੁਲਾ ਕੇ ਉਹਨਾਂ ਦੇ ਵਾਰਡ ਦੇ ਕੰਮ ਰੁਕਵਾਏ ਅਤੇ ਕਿਹਾ ਕਿ ਕੰਮ ਨਹੀਂ ਕਰਨਾ। ਇਹਨਾਂ ਦੀ ਐਕਸਟੈਂਸਨ ਰੱਦ ਕੀਤੀ ਜਾਵੇ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਿਹੜੇ ਮੇਨਟੀਨੈਂਸ ਦੇ ਕੰਮ ਪਾਸ ਕੀਤੇ ਗਏ ਸਨ ਉਹਨਾਂ ਵਿੱਚੋਂ ਉਹਨਾਂ ਦੇ ਵਾਰਡ ਵਿੱਚ ਸਾਲ ਵਿੱਚ ਸਿਰਫ ਇੱਕ ਗਲੀ ਬਣਾਈ ਗਈ ਅਤੇ ਕਿਹਾ ਕਿ ਪੈਸੇ ਪੂਰੇ ਹੋ ਗਏ । ਨੈਸ਼ਨਲ ਐਵੇਨਿਊ ਦੀਆਂ ਸੜਕਾਂ ਦਾ ਬਹੁਤ ਮਾੜਾ ਹਾਲ ਹੈ । ਉਹਨਾਂ ਵਲੋਂ ਇਸ ਦਾ ਜਿਹੜਾ ਐਸਟੀਮੇਟ ਤਿਆਰ ਕਰਵਾਇਆ ਗਿਆ ਸੀ ਉਸ ਵਿੱਚ ਸੜਕ ਤੇ ਲੁਕ ਪਾਈ ਜਾਣੀ ਸੀ ਅਤੇ ਸਾਈਡਾਂ ਤੇ ਸੀ.ਸੀ.ਫਲੋਰਿੰਗ ਦਾ ਕੰਮ ਸ਼ਾਮਲ ਸੀ । ਲੁਕ ਪਾ ਦਿੱਤੀ ਗਈ ਪਰ ਸੀ.ਸੀ.ਫਲੋਰਿੰਗ ਦਾ ਕੰਮ ਨਹੀਂ ਕਰਵਾਇਆ ਗਿਆ। ਜਦ ਮੈਂ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਨੂੰ ਫੋਨ ਕੀਤਾ ਤਾਂ ਉਹਨਾਂ ਦਾ ਬੋਲਣ ਦਾ ਸਟਾਈਲ ਸਹੀ ਨਹੀਂ ਸੀ । ਮੈਂ ਜੂਨੀਅਰ ਹੈਨਰੀ ਇੰਜੀਨਿਅਰ ਸ੍ਰੀ ਕੇ.ਜੀ.ਬੱਬਰ ਨੂੰ ਕਿਹਾ ਤਾਂ ਉਸ ਨੇ ਕਿਹਾ ਕਿ ਸ੍ਰੀ ਚਮਨ ਲਾਲ ਜੀ ਨਾਲ ਗੱਲ ਕਰੋ ।

ਇਸ ਦੌਰਾਣ ਸ੍ਰੀ ਸੁਰਿੰਦਰ ਸਿੰਘ, ਐਮ.ਐਲ.ਏ. ਉਠ ਕੇ ਚਲੇ ਗਏ ।

ਸ੍ਰੀ ਕ੍ਰਿਸ਼ਨ ਕੋਚਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਠੇਕੇਦਾਰਾਂ ਨੇ ਕੰਮ ਪੂਰਾ ਨਹੀਂ ਕੀਤਾ ਗਿਆ ਅਤੇ ਮੈਂ ਕੰਪਲੀਸ਼ਨ ਸਰਟੀਫਿਕੇਟ ਵੀ ਨਹੀਂ ਦਿੱਤਾ ਪ੍ਰੰਤੂ ਪਤਾ ਲੱਗਾ ਕਿ ਉਸ ਨੂੰ ਅਦਾਇਗੀ ਵੀ ਕਰ ਦਿੱਤੀ ਗਈ । ਵਿਕਾਸ ਗਿੱਲ, ਠੇਕੇਦਾਰ ਅਤੇ ਅਵੀਨਾਸ਼ ਚੰਦਰ, ਠੇਕੇਦਾਰ ਨੂੰ ਇਹ ਅਦਾਇਗੀ ਕਿਸ ਤਰ੍ਹਾਂ ਹੋ ਗਈ ਇਸ ਦੀ ਜਾਂਚ ਕਰਵਾਈ ਜਾਵੇ ।

ਕਮਿਸ਼ਨਰ ਜੀ ਵਲੋਂ ਇਸ ਸਬੰਧੀ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੂੰ ਜਵਾਬ ਦੇਣ ਲਈ ਕਿਹਾ ਜਿਨ੍ਹਾਂ ਦੱਸਿਆ ਕਿ ਹਾਊਸ ਵਲੋਂ ਨਗਰ ਨਿਗਮ ਦੇ ਫੰਡਾਂ ਵਿੱਚੋਂ ਜਿਹੜੇ ਵਿਕਾਸ ਦੇ ਕੰਮ ਕਰਵਾਏ ਜਾਂਦੇ ਹਨ, ਉਸ ਸਬੰਧੀ ਸਰਟੀਫਿਕੇਟ ਕੌਂਸਲਰ ਤੋਂ ਲੈਣ ਸਬੰਧੀ ਮਤਾ ਪਾਸ ਕੀਤਾ ਗਿਆ ਸੀ । ਜਿਹੜੇ ਕੰਮ ਪੀ.ਆਈ.ਡੀ.ਬੀ. ਦੀ ਗ੍ਰਾਂਟ ਵਿੱਚੋਂ ਹੋ ਰਹੇ ਹਨ, ਉਸ ਵਿੱਚ ਇਹ ਉਪਬੰਧ ਨਹੀਂ ਹੈ ।ਕਮਿਸ਼ਨਰ ਜੀ ਨੇ ਕਿਹਾ ਕਿ ਕੌਂਸਲਰ ਸਾਹਿਬਾਨ ਦੀ ਸ਼ਿਕਾਇਤ ਸਬੰਧੀ ਜਾਂਚ ਜ਼ਰੂਰ ਕੀਤੀ ਜਾਵੇਗੀ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਪਾਸੋਂ ਸਾਲ 2014 ਤੋਂ ਕੋਈ ਕੰਪਲੀਸ਼ਨ ਸਰਟੀਫਿਕੇਟ ਲਿੱਤਾ ਹੀ ਨਹੀਂ ਗਿਆ ।

ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ. ਜੀ ਵਲੋਂ ਮੁੱਦਾ ਉਠਾਇਆ ਗਿਆ ਕਿ ਸੈਂਟਰਲ ਟਾਂਊਨ ਵਿੱਚ ਐਮ.ਪੀ. ਗ੍ਰਾਂਟ ਤਹਿਤ ਵਿਕਾਸ ਦੇ ਕੰਮਾਂ ਦੇ ਟੈਂਡਰ ਹੋਏ ਅਤੇ ਵਰਕ ਆਰਡਰ ਵੀ ਹੋਏ ਪਰ ਕੰਮ ਨਹੀਂ ਹੋਏ । ਗੁਰੂ ਗੋਬਿੰਦ ਸਿੰਘ ਐਵੈਨਿਯੁ ਵਿੱਚ ਵੀ ਕੰਮ ਨਹੀਂ ਹੋਏ । ਇਹ ਸਾਰੇ ਘਪਲੇ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਵਲੋਂ ਕੀਤੇ ਗਏ ਹਨ ।

ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ, ਵਲੋਂ ਵੀ ਮੁੱਦਾ ਉਠਾਇਆ ਗਿਆ ਕਿ ਮਿਲਾਪ ਚੋਂਕ ਤੋਂ ਬਰਾਂਡਰਥ ਰੋਡ ਸੜਕ ਟੁੱਟੀ ਪਈ ਹੈ । ਪੱਕਾ ਬਾਗ ਦਾ 52 ਲੱਖ ਦਾ ਕੰਮ ਪਾਸ ਕਰਵਾਇਆ ਗਿਆ ਸੀ ਪਰ ਸ੍ਰੀ ਚਮਨ ਲਾਲ, ਕਾਰਜਕਾਰੀ ਇੰਜੀਨਿਅਰ ਨੇ ਠੇਕੇਦਾਰ ਨੂੰ ਕਿਹਾ ਕਿ ਕੰਮ ਨਹੀਂ ਹੋਣਾ ਚਾਹੀਦਾ । ਇਸੇ ਤਰ੍ਹਾਂ ਟਿਊਬਵੈਲ ਲਗਾਉਣ ਦਾ ਕੰਮ ਪਾਸ ਸੀ ਪਰ ਸਾਬਕਾ ਵਿਧਾਇਕ ਸ੍ਰੀ ਮਨੋਰੰਜਨ ਕਾਲੀਆ ਜੀ ਦੇ ਕਹਿਣ ਤੇ ਇਹ ਟਿਊਬਵੈਲ ਵੀ ਲੱਗਣ ਤੋਂ ਰੁਕਵਾ ਦਿੱਤਾ ਗਿਆ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਨੈਸ਼ਨਲ ਐਵੇਨਿਯੂ ਵਿਖੇ 7 ਤੋਂ 8 ਇੰਚ ਸੀਵਰੇਜ਼ ਦੇ ਢੱਕਣ ਜਿਹੜੇ ਕਿ 15-20 ਹਨ ਨੀਵੇਂ ਹੋ ਗਏ ਹਨ । ਮਹਿਕਮੇਂ ਨੂੰ ਕਹਿਣ ਤੇ ਸਿਰਫ ਦੋ ਢੱਕਣ ਉਚੇ ਕੀਤੇ ਗਏ ਅਤੇ ਬਾਕੀ ਦੇ 15 ਢੱਕਣ ਉਹਨਾਂ ਨੇ ਖੁਦ ਠੀਕ ਕਰਵਾਏ ਹਨ । ਕੀ ਕਿਸੇ ਅਧਿਕਾਰੀ ਦੀ ਇਹ ਜਿੰਮੇਵਾਰੀ ਨਹੀਂ ਬਣਦੀ ਕਿ ਉਹਨਾਂ ਨੂੰ ਠੀਕ ਕਰਵਾਇਆ ਜਾਵੇ ।

ਇਸੇ ਦੌਰਾਣ ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ.ਜੀ ਵਲੋਂ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੇ ਜ਼ੀਰੋ ਆਵਰ ਸੁਰੂ ਨਹੀਂ ਕਰਨਾ ਪਹਿਲਾਂ ਕਮਿਸ਼ਨਰ ਜੀ ਮੈਂਬਰਾਂ ਦੇ ਪਹਿਲੇ ਸਵਾਲਾਂ ਦੇ ਜਵਾਬ ਦੇਣ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ Why are you not drafting and sending the letter.

ਸ੍ਰੀ ਸਸ਼ੀਲ ਕੁਮਾਰ ਰਿੰਕੂ, ਐਮ.ਐਲ.ਏ. ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਇਹ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਦਾ ਹੀ ਨਹੀਂ ਸਾਰੇ ਹਾਊਸ ਦੇ ਬਹੁਮਤ ਦਾ ਸਵਾਲ ਹੈ ।

ਇਸ ਤੇ ਕਮਿਸ਼ਨਰ ਜੀ ਨੇ ਕਿਹਾ ਕਿ ਇਸ ਵੇਲੇ ਹਾਊਸ ਦੀ ਮੀਟਿੰਗ ਚਲ ਰਹੀ ਹੈ ਅਤੇ ਮੈਂ ਮੀਟਿੰਗ ਖ਼ਤਮ ਹੋਣ ਉਪਰੰਤ ਆਪਣੇ ਦਫ਼ਤਰ ਜਾ ਕੇ ਸਾਰਾ ਰਿਕਾਰਡ ਚੈਕ ਕਰਕੇ ਸਰਕਾਰ ਨੂੰ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਲਈ ਲਿਖ ਕੇ ਭੇਜ਼ ਦੇਵਾਂਗਾ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਹਾਊਸ ਤਾਂ ਹੀ ਚਲੇਗਾ ਜੇਕਰ ਤੁਸੀਂ ਹੁਣੇ ਸਰਕਾਰ ਨੂੰ ਇਸ ਸਬੰਧੀ ਪੱਤਰ ਲਿਖ ਕੇ ਭੇਜ਼ੋਗੇ ।

ਜਿਸ ਤੇ ਕਮਿਸ਼ਨਰ ਜੀ ਨੇ ਮੇਅਰ ਜੀ ਨੂੰ ਕਿਹਾ ਕਿ ਤੁਸੀਂ ਹਾਊਸ ਦੀ ਮੀਟਿੰਗ ਜਾਰੀ ਰੱਖੋ ਤੇ ਮੈਂ ਆਪਣੇ ਦਫ਼ਤਰ ਜਾ ਕੇ ਐਮ.ਐਲ.ਏ. ਸਾਹਿਬਾਨ ਵਲੋਂ ਜ਼ੋ ਮੰਗ ਕੀਤੀ ਗਈ ਹੈ ਸਬੰਧੀ ਪੱਤਰ ਤਿਆਰ ਕਰਕੇ ਲਿਆਉਂਦਾ ਹਾਂ ।ਕਮਿਸ਼ਨਰ ਜੀ ਨੇ ਐਮ.ਐਲ.ਏ. ਸਾਹਿਬਾਨ ਨੂੰ ਕਹਿ ਕੇ ਕਿ I am bringing ਅਤੇ ਉਠ ਕੇ ਆਪਣੇ ਦਫ਼ਤਰ ਚਲੇ ਗਏ ।

ਇਸ ਉਪਰੰਤ ਹਾਊਸ ਦੀ ਕਾਰਵਾਈ ਰੁਕੀ ਰਹੀ ।

ਤਕਰੀਬ਼ਨ ਅੱਧੇ ਘੰਟੇ ਬਾਅਦ ਕਮਿਸ਼ਨਰ ਜੀ ਨੇ ਸਰਕਾਰ ਨੂੰ ਲਿਖੇ ਜਾਣ ਵਾਲੇ ਪੱਤਰ ਦੀ ਕਾਪੀ ਸਮੂਹ ਐਮ.ਐਲ.ਏ. ਸਾਹਿਬਾਨ ਨੂੰ ਦਿਖਾ ਦਿੱਤੀ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਨੇ ਆਪਣੇ ਬਾਕੀ ਦੇ ਸਵਾਲਾਂ ਬਾਰੇ ਮੁੜ ਪੁੱਛਿਆ । ਜਿਸ ਤੇ ਕਮਿਸ਼ਨਰ ਜੀ ਨੇ ਕਿਹਾ ਕਿ ਇਹ ਮੈਟਰ ਆਫ ਰਿਕਾਰਡ ਹੈ । ਦੇਖ ਦੇ ਜਵਾਬ ਦੇ ਦਿੱਤੇ ਜਾਣਗੇ ।

ਮੇਅਰ ਜੀ ਨੇ ਕਿਹਾ ਕਿ ਤੁਸੀਂ ਲਿਖ ਦੇ ਦਿਓ। ਅਸੀਂ ਅਗਲੀ ਮੀਟਿੰਗ ਇਸ ਮੁੱਦੇ ਤੇ ਹੀ ਕਰਾਂਗੇ। ਅੱਜ ਬਜੱਟ ਦਾ ਮੁੱਦਾ ਅਹਿਮ ਹੈ ਅਸੀਂ ਉਸ ਤੇ ਚਰਚਾ ਕਰ ਲਈਏ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਸਿਸਟਮ ਖ਼ਰਾਬ ਕੀਤਾ ਹੈ ਮੈਂ ਹੁਣ ਠੀਕ ਕਰ ਰਿਹਾ ਹਾਂ ।

ਮੇਅਰ ਜੀ ਨੇ ਮੁੜ ਕਿਹਾ ਕਿ ਮੈਂ ਇੱਥੇ ਹੀ ਮਿਤੀ ਨਿਸ਼ਚਿਤ ਕਰਾਂਗਾ । ਜੇ ਮੈਂ ਪਹਿਲਾਂ ਵੀ 8 ਘੰਟੇ ਮੀਟਿੰਗ ਚਲਾਈ ਹੈ ਤੇ ਫਿਰ ਚਲਾਵਾਂਗਾ ।ਇਸ ਦੌਰਾਣ ਵਿਰੋਧੀ ਧਿਰ ਅਤੇ ਸੱਤਾ ਧਿਰ ਵਲੋਂ ਰੌਲਾ-ਰੱਪਾ ਸ਼ੁਰੂ ਕਰ ਦਿੱਤਾ ਗਿਆ ।

ਮੇਅਰ ਜੀ ਨੇ ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਨੂੰ ਬੈਠਣ ਲਈ ਕਿਹਾ ਤਾਂ ਸ੍ਰੀ ਜਗਦੀਸ਼ ਰਾਜ ਰਾਜਾ ਜੀ ਵਲੋਂ ਕਿਹਾ ਗਿਆ ਕਿ ਮੈਂ ਤੁਹਾਨੂੰ ਜੇਲ ਭੇਜਾਂਗਾ ।

ਮੇਅਰ ਜੀ ਨੇ ਮੁੜ ਕਿਹਾ ਕਿ ਤੁਸੀਂ ਭ੍ਰਿਸ਼ਟਾਚਾਰ ਸਾਬਤ ਕਰੋ ।

ਸ੍ਰੀ ਭਗਵੰਤ ਰਾਏ ਪ੍ਰਭਾਕਰ, ਕੌਂਸਲਰ ਵਲੋਂ ਮੇਅਰ ਜੀ ਨੂੰ ਅਜੰਡਾ ਸ਼ੁਰੂ ਕਰਨ ਲਈ ਕਿਹਾ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ, ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ, ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਵਲੋਂ ਕਿਹਾ ਗਿਆ ਕਿ ਕੋਈ ਅਜੰਡਾ ਨਹੀਂ ਪੜਣਾ ।

ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ. ਜੀ ਵਲੋਂ ਕਮਿਸ਼ਨਰ ਜੀ ਨੂੰ ਇਸ ਮੁੱਦੇ ਤੇ ਵੋਟਿੰਗ ਕਰਵਾਉਣ ਲਈ ਕਿਹਾ ।

ਮੇਅਰ ਜੀ ਵਲੋਂ ਕਿਹਾ ਗਿਆ ਕਿ ਜ਼ੀਰੋ ਆਵਰ ਖ਼ਤਮ ਹੁੰਦਾ ਹੈ ਅਜੰਡਾ ਪੜ੍ਹਿਆ ਜਾਵੇ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਿਹਾ ਗਿਆ ਕਿ ਹਾਊਸ ਦਾ ਬਹੁਮਤ ਵੋਟਿੰਗ ਦੀ ਮੰਗ ਕਰ ਰਿਹਾ ਹੈ ਇਸ ਲਈ ਪਹਿਲਾਂ ਵੋਟਿੰਗ ਕਰਵਾਈ ਜਾਵੇ ਉਸ ਤੋਂ ਬਾਅਦ ਬਜਟ ਪਾਸ ਹੋਵੇਗਾ ।

ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਨੇ ਕਿਹਾ ਕਿ ਪਹਿਲਾਂ ਕੰਨਫਰਮੇਸ਼ਨ ਪੜੀ ਜਾਵੇਗੀ ।

ਜਿਸ ਤੇ ਮੇਅਰ ਜੀ ਨੇ ਕਿਹਾ ਕਿ ਅਸੀਂ ਬਜਟ ਸਰਕਾਰ ਨੂੰ ਭੇਜ਼ ਦਿੰਦੇ ਹਾਂ ਤੇ ਸਰਕਾਰ ਆਪੇ ਬਜਟ ਪਾਸ ਕਰ ਲਵੇਗੀ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਮਿਸ਼ਨਰ ਜੀ ਨੂੰ ਕਿਹਾ ਗਿਆ ਕਿ ਹਰ ਕੌਂਸਲਰ ਭਾਂਵੇਂ ਰੂਲਿੰਗ ਪਾਰਟੀ ਦੇ ਹਨ ਜਾਂ ਆਪੋਜ਼ਿਸਨ ਦੇ ਹਨ, ਉਹਨਾਂ ਦੇ ਬਹੁਤ ਸਾਰੇ ਸਵਾਲ ਹਨ । ਵਾਰਡਾਂ ਦੇ ਮੁੱਦੇ ਹਨ । ਸ਼ਿਕਾਇਤਾਂ ਹਨ । ਸਕੈਮ ਨਾਲ ਰਿਲੇਟਡ ਮੁੱਦੇ ਹਨ । ਤੁਸੀਂ ਕਲ੍ਹ ਸਾਰਿਆਂ ਕੋਲੋਂ ਲਿਖ ਕੇ ਲੈ ਲਵੋ ਅਤੇ ਪਰਸੋਂ ਦੋਬਾਰਾ ਮੀਟਿੰਗ ਰੱਖ ਲਵੋ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਕਮਿਸ਼ਨਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਵਲੋਂ ਨਗਰ ਨਿਗਮ ਪਾਸੋਂ ਆਰ.ਟੀ.ਆਈ.ਐਕਟ ਅਧੀਨ ਪੁੱਛਿਆ ਗਿਆ ਸੀ ਕਿ ਸਰਕਾਰ ਵਲੋਂ ਇੱਕ ਇਨਕੁਆਰੀ ਆਈ ਸੀ ਕਿ ਚਾਰਜਸ਼ੀਟ ਬਨਾ ਕੇ ਭੇਜੀ ਜਾਵੇ । ਉਸ ਦੀ ਕਾਪੀ ਦਿੱਤੀ ਜਾਵੇ । ਜਿਸ ਤੇ ਦਫ਼ਤਰ ਵਲੋਂ ਜਵਾਬ ਕੀ ਦਿੱਤਾ ਗਿਆ ਹੈ ਉਹ ਉਹਨਾਂ ਅਜੰਡਾ ਸੁਪਰਡੰਟ ਨੂੰ ਸਾਰੇ ਹਾਊਸ ਨੂੰ ਪੜ ਕੇ ਸੁਣਾਉਣ ਲਈ ਕਿਹਾ । ਅਜੰਡਾ ਸੁਪਰਡੰਟ ਵਲੋਂ ਦਫ਼ਤਰ ਵਲੋਂ ਭੇਜੇ ਗਏ ਜਵਾਬ ਨੂੰ ਪੜ ਕੇ ਸੁਣਾਇਆ ਗਿਆ ਕਿ ਹਵਾਲੇ ਅਧੀਨ ਪੱਤਰ ਦਫ਼ਤਰ ਦੇ ਰਸੀਟ ਰਜਿਸਟਰ ਅਨੁਸਾਰ ਵਸੂਲ ਨਹੀਂ ਹੋਇਆ ।

ਮੇਅਰ ਜੀ ਨੇ ਕਿਹਾ ਕਿ We should take it seriously.

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਕਮਿਸ਼ਨਰ ਜੀ ਨੂੰ ਪੁਛਿਆ ਗਿਆ ਕਿ ਸ੍ਰੀ ਸੁਸ਼ੀਲ ਕੁਮਾਰ ਰਾਣਾ, ਸਿਟੀ ਬਸ ਮੈਨੇਜਰ ਨੇ ਵਰਕਸ਼ਾਪ ਵਿੱਚ ਗੱਡੀਆਂ ਦੀ ਖ਼ਰੀਦ ਸਬੰਧੀ ਜਿਹੜੇ ਘਪਲੇ ਕੀਤੇ ਹਨ ਦੱਸਿਆ ਜਾਵੇ । ਮੈਨੂੰ ਇਸ ਵਿੱਚ ਤੁਹਾਡਾ ਸਹਿਯੋਗ ਚਾਹੀਦਾ ਹੈ ।ਇਹ ਕਰਪਸ਼ਨ ਹੈ । ਸਿਟੀ ਬਸ ਦਾ ਬੇੜਾ ਗਰਕ ਕਰ ਦਿੱਤਾ । ਤੁਹਾਨੂੰ ਕੀ ਅਧਿਕਾਰ ਸੀ ਇਸ ਨੂੰ ਵਰਕਸ਼ਾਪ ਵਿੱਚ ਲਗਾਉਣ ਦਾ ਦੱਸੋ ।

ਕਮਿਸ਼ਨਰ ਜੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਸ੍ਰੀ ਸੁਸ਼ੀਲ ਕੁਮਾਰ ਰਾਣਾ, ਜਲੰਧਰ ਸਿਟੀ ਬਸ ਲਿਮਿਟਡ ਜਿਸ ਦੇ ਚੇਅਰਮੇਨ ਡਿਪਟੀ ਕਮਿਸ਼ਨਰ ਹਨ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਮੈਂਬਰ ਹਨ ਦਾ ਮੁਲਾਜ਼ਮ ਹੈ । ਇਹ ਸਿਟੀ ਬਸ ਬੰਦ ਹੋਣ ਉਪਰੰਤ ਸਿਵਾਏ ਕੋਰਟ ਕੇਸ ਵੇਖਣ ਤੋਂ ਕੋਈ ਕੰਮ ਇਸ ਪਾਸ ਨਹੀਂ ਸੀ। ਵਰਕਸ਼ਾਪ ਵਿੱਚ ਪਿਛਲੇ 10 ਸਾਲਾਂ ਤੋਂ ਕੋਈ ਖ਼ਰੀਦ ਨਹੀਂ ਹੋਈ ਸੀ । ਸਵੱਛ ਭਾਰਤ ਮੁਹਿੰਮ ਤਹਿਤ ਮਸ਼ੀਨਰੀ ਦੀ ਖ਼ਰੀਦ ਕੀਤੀ ਜਾਣੀ ਸੀ । ਨਗਰ ਨਿਗਮ ਦੇ ਤਕਨੀਕੀ ਅਧਿਕਾਰੀ ਐਸ.ਈ.(ਓ ਐਂਡ ਐਮ) ਤੇ ਸ੍ਰੀ ਸੁਸ਼ੀਲ ਕੁਮਾਰ ਰਾਣਾ ਨੂੰ ਅਟੈਚ ਕਰਕੇ ਟੀਮ ਬਣਾਈ ਗਈ ਸੀ ਅਤੇ ਇਸ ਦਾ ਲੇਖਾ ਜ਼ੋਖਾ ਰੱਖਣ ਲਈ ਕਿਹਾ ਸੀ। ਗੱਡੀਆਂ ਦੀ ਖ਼ਰੀਦ ਵਿੱਚ ਜਿਹੜੀ ਨੈਗਲੀਜੈਂਸ ਦੀ ਗੱਲ ਹੈ, ਉਹ ਮੇਰੇ ਧਿਆਨ ਵਿੱਚ ਹੈ ।ਜਦੋਂ ਮੇਰੇ ਧਿਆਨ ਵਿੱਚ ਇਹ ਆਇਆ ਤਾਂ ਉਸੇ ਵੇਲੇ ਸੰਯੁਕਤ ਕਮਿਸ਼ਨਰ ਨੂੰ ਆਈਆਂ ਗੱਡੀਆਂ ਦੀ ਇਨਕੁਆਰੀ ਸੋਂਪ ਦਿੱਤੀ ਸੀ ਅਤੇ ਅਜੰਸੀ ਦੀ ਬਾਕੀ ਅਦਾਇਗੀ ਤੇ ਰੋਕ ਲਗਾ ਦਿੱਤੀ ਸੀ । ਪੁਰਾਣੀ ਚੈਸੀ ਦੀ ਸਪਲਾਈ ਵਿੱਚ ਡੀਲਰ ਦੀ ਕੀ ਕੁਤਾਹੀ ਹੈ ਜਾਂ ਮੁਲਾਜ਼ਮਾਂ ਦੀ ਕੀ ਕੁਤਾਹੀ ਹੈ ਇਹ ਮੈਟਰ ਆਫ ਰਿਕਾਰਡ ਹੈ ਜਿਸ ਬਾਰੇ ਮੈਂ ਦਸਾਂਗਾ । ਬਤੌਰ ਕਮਿਸ਼ਨਰ I can assure if there is a scam of a rupee, I will be responsible.

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਕਿਹਾ ਗਿਆ ਕਿ ਨਿਗਮ ਵਿੱਚ ਤਕਨੀਕੀ ਅਧਿਕਾਰੀਆਂ ਦੀ ਫੌਜ ਹੈ ਫਿਰ ਤੁਸੀਂ ਪ੍ਰਾਈਵੇਟ ਆਦਮੀ ਨੂੰ ਕਿਉਂ ਚੁਣਿਆ । ਇਸ ਦੀ ਇਨਕੁਆਰੀ ਕਰਵਾਈ ਜਾਵੇ। ਇਸ ਇਨਕੁਆਰੀ ਵਿੱਚ 4-5 ਕੌਂਸਲਰ ਸ਼ਾਮਲ ਕੀਤੇ ਜਾਣ ।

ਮੇਅਰ ਜੀ ਨੇ ਕਿਹਾ ਕਿ ਸੰਯੁਕਤ ਕਮਿਸ਼ਨਰ ਜਾਂਚ ਕਰ ਰਹੇ ਹਨ ਅਤੇ ਅਸੀਂ ਹਾਊਸ ਅੱਗੇ ਰਖਾਂਗੇ । ਜੇ ਤਸੱਲੀ ਨਹੀਂ ਹੁੰਦੀ ਤਾਂ ਕੌਂਸਲਰਾਂ ਦੇ ਅਧਾਰਤ ਕਮੇਟੀ ਬਨਾਵਾਂਗੇ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ 5 ਸਾਲਾਂ ਤੋਂ ਤੁਹਾਡੇ ਨਾਲ ਜਿਪਸੀ ਚਲ ਰਹੀ ਹੈ ਜ਼ੋ ਕਿ ਇਲੀਗਲ ਸੁਕਵੈਡ ਵਜੋਂ ਵਰਤੀ ਜਾ ਰਹੀ ਹੈ । ਇਸ ਦੀ ਵੀ ਜਾਂਚ ਕਰਵਾਈ ਜਾਵੇ ।

ਮੇਅਰ ਜੀ ਵਲੋਂ ਦੱਸਿਆ ਗਿਆ ਕਿ ਇਹ ਜਿਪਸੀ ਉਹਨਾਂ ਦੇ ਸੁਪਰਡੰਟ ਨੂੰ ਅਲਾਟ ਹੈ ਅਤੇ ਸੁਪਰਡੰਟ ਵਲੋਂ ਹੀ ਵਰਤੀ ਜਾਂਦੀ ਸੀ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਮਿਸ਼ਨਰ ਜੀ ਨੂੰ ਪੁੱਛਿਆ ਗਿਆ ਕਿ Is it allowed. Give answer.

ਕਮਿਸ਼ਨਰ ਜੀ ਨੇ ਕਿਹਾ ਕਿ ਰਿਕਾਰਡ ਚੈਕ ਕਰ ਕੇ ਦੱਸ ਦਿੱਤਾ ਜਾਵੇਗਾ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਵਲੋਂ ਰੋਡ ਸਵੀਪਿੰਗ ਮਸ਼ੀਨ ਦਾ ਮੁੱਦਾ ਉਠਾਇਆ ਗਿਆ ਕਿ ਅਸੀਂ ਇਸ ਮੁੱਦੇ ਤੇ ਕੋਰਟ ਵਿੱਚ ਗਏ ਪਰ ਸਾਨੂੰ ਰਲੀਫ ਨਹੀਂ ਮਿਲਿਆ । ਇਸ ਦਾ ਟੈਂਡਰ ਤਿੰਨ ਸਾਲ ਵਾਸਤੇ ਸੀ ਪਰ ਇਕਰਾਰਨਾਮਾ 5 ਸਾਲਾਂ ਦਾ ਕੀਤਾ ਗਿਆ । ਰੋਜ਼ਾਨਾ ਮਸ਼ੀਨ ਚਲਣੀ ਸੀ ਜਿਹੜੀ ਕਿ ਨਹੀਂ ਚਲ ਰਹੀ । ਸਿਰਫ ਬਸ ਸਟੈਂਡ ਤੋਂ ਫਲਾਈ ਓਵਰ ਤੱਕ ਹੀ ਇਹ ਮਸ਼ੀਨ ਚਲ ਰਹੀ ਹੈ । ਜਿਹੜੀ ਮਸ਼ੀਨ 3.50 ਕਰੋੜ ਰੁਪਏ ਵਿੱਚ ਖ਼ਰੀਦੀ ਜਾ ਸਕਦੀ ਹੈ ਉਸਦਾ 5 ਸਾਲਾਂ ਦਾ ਕਿਰਾਇਆ 25 ਕਰੋੜ ਦਿੱਤਾ ਜਾਣਾ ਹੈ । ਇਹ ਬਹੁਤ ਵੱਡਾ ਘਪਲਾ ਹੈ ਜਿਸ ਦੀ ਜਾਂਚ ਕਰਵਾਓ ।

ਮੇਅਰ ਜੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਸਵੀਪਿੰਗ ਮਸ਼ੀਨ ਅੱਛੀ ਚਲ ਰਹੀ ਹੈ । ਸਾਰਾ ਸ਼ਹਿਰ ਐਪਰੀਸ਼ਿਏਟ ਕਰ ਰਿਹਾ ਹੈ । ਆਨ ਰਿਕਾਰਡ ਜਿੰਨੀ ਵੀ ਮਸ਼ੀਨ ਚਲ ਰਹੀ ਹੈ ਉਸੇ ਹਿਸਾਬ ਨਾਲ ਉਸ ਨੂੰ ਅਦਾਇਗੀ ਹੋਵੇਗੀ । ਹੁਣ ਇਸ ਦਾ ਕੰਟਰੋਲ ਐਂਡ ਕਮਾਂਡ ਸੈਂਟਰ ਵੀ ਚਾਲੂ ਹੋ ਰਿਹਾ ਹੈ । ਅੰਮ੍ਰਿਤਸਰ, ਲੁਧਿਆਣਾ ਅਤੇ ਮੋਹਾਲੀ ਸਬ ਜਗ੍ਹਾ ਇਹ ਮਸ਼ੀਨ ਚਲ ਰਹੀ ਹੈ । ਉਥੇ ਕੀ ਰੇਟ ਦੇ ਰਹੇ ਹਨ ਤੁਸੀਂ ਪਤਾ ਕਰ ਲਈਓ । ਮਾਨਯੋਗ ਪ੍ਰਧਾਨ ਮੰਤਰੀ ਜੀ ਦੇ ਸਵੱਛ ਭਾਰਤ ਮੁਹਿੰਮ ਤਹਿਤ ਇਹ ਮਾਡਲ ਕੰਸੈਪਟ ਚਲਾਇਆ ਗਿਆ ਹੈ। ਉਹਨਾਂ ਕਿਹਾ ਕਿ ਤੁਹਾਨੂੰ ਅੱਜ ਲੀਡਰ ਆਫ ਆਪੋਜ਼ਿਸਨ ਦਾ ਰੁਤਬਾ ਇਹ ਨਗਰ ਨਿਗਮ ਨੇ ਦਿੱਤਾ ਹੈ ਤੇ ਤੁਸੀਂ ਉਸਦੀ ਬਦਨਾਮੀ ਹੀ ਕਰੀ ਜਾ ਰਹੇ ਹੋ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੁੱਦਾ ਉਠਾਇਆ ਗਿਆ ਕਿ ਪਿਛਲੇ ਸਾਲ ਐਡਵਰਟਾਈਜ਼ਮੈਂਟ ਦਾ ਟੈਂਡਰ ਕਾਲ ਕੀਤਾ ਸੀ । ਜਿੰਨਾਂ ਵਿੱਚ 4 ਜ਼ੋਨਾਂ ਦੇ ਯੂਨੀਪੋਲਾਂ ਸਬੰਧੀ ਐਡਵਰਟਾਈਜ਼ਮੈਂਟ ਰਾਈਟ ਦੇ ਬਾਰੇ ਉਪਬੰਧ ਸੀ । ਸਿਰਫ 59 ਯੂਨੀਪੋਲ ਸਬੰਧੀ 26.10.2015 ਨੂੰ ਟੈਂਡਰ ਲੱਗਾ ਸੀ । ਇੱਕ ਯੂਨੀਪੋਲ ਦੀ ਰਿਜ਼ਰਵ ਕੀਮਤ 15000/- ਰੁਪਏ ਪ੍ਰਤੀ ਮਹੀਨਾ ਸੀ । ਜਿਸ ਨੂੰ ਮੈਸਰਜ਼ ਦੁਰਗਾ ਪਬਲੀਸਿਟੀ ਵਲੋਂ ਵੱਖਰੀ ਅਜੰਸੀ ਦੇ ਤੌਰ ਤੇ 25000/- ਪ੍ਰਤੀ ਮਹੀਨਾ ਤੇ ਪ੍ਰਾਪਤ ਕੀਤਾ ਗਿਆ । ਜਿਸ ਨਾਲ ਮਹੀਨੇ ਦੀ ਆਮਦਨ 14,75,000 ਰੁਪਏ ਅਤੇ ਹੁਣ ਤੱਕ 1,62,25,000/- ਰੁਪਏ ਆਉਣੇ ਸੀ ਪ੍ਰੰਤੂ ਇਸ ਦਾ ਵਰਕ ਆਰਡਰ ਜਾਣ ਬੁਝ ਕੇ ਦਬਾ ਕੇ ਰੱਖਿਆ ਗਿਆ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਸਾਲ 2006 ਵਿੱਚ ਡੀ.ਏ.ਵੀ. ਕਾਲੇਜ਼ ਰੇਲਵੇ ਫਲਾਈ ਓਵਰ ਦੀ ਬਣਤਰ ਤੇ ਜਿਹੜਾ 17-18 ਕਰੋੜ ਰੁਪਏ ਖ਼ਰਚ ਆਉਣਾ ਸੀ ਉਸ ਦੇ ਏਵਜ ਵਿੱਚ ਬੀ.ਓ.ਟੀ. ਦੇ ਆਧਾਰ ਤੇ 11-12 ਸਾਲਾਂ ਲਈ ਮੈਸਰਜ਼ ਦੁਰਗਾ ਪਬਲਿਸਟੀ ਸਰਵਿਸਸ ਲਿਮਿਟਡ ਨਾਮ ਦੀ ਫਰਮ ਨੂੰ ਐਡਵਰਟਾਈਜ਼ਮੈਂਟ ਰਾਈਟ ਦੇ ਆਧਾਰ ਤੇ ਕੰਮ ਅਲਾਟ ਕੀਤਾ ਗਿਆ । ਜਦ ਮੈਂ ਸਾਲ 2014-15 ਵਿੱਚ ਐਡਵਰਟਾਈਜ਼ਮੈਂਟ ਦੀ ਆਮਦਨ ਲੱਖਾਂ ਵਿੱਚ ਸੀ । 2011 ਤੋਂ ਬਾਅਦ ਇਸ ਨਗਰ ਨਿਗਮ ਪਾਸ ਐਡਵਰਟਾਈਜ਼ਮੈਂਟ ਟੈਕਸ ਲੈਣ ਦਾ ਅਖ਼ਤਿਆਰ ਸੀ ਜਿਹੜਾ ਕਿ ਨਹੀਂ ਲਿੱਤਾ ਜਾ ਰਿਹਾ ਸੀ । ਮੈਂ ਐਡਵਰਟਾਈਜ਼ਮੈਂਟ ਬਾਈਲਾਜ਼ ਅਤੇ ਐਡਵਰਟਾਈਜ਼ਮੈਂਟ ਰੈਗੂਲੇਸ਼ਨ ਕਮੇਟੀ ਬਣਾਈ । 6 ਜ਼ੋਨ ਬਣਾਏ ਗਏ ਜਿਨਾਂ ਵਿੱਚ ਯੂਨੀਪੋਲ ਲਗਾਉਣ ਲਈ ਟੈਂਡਰ ਲਗਾਏ ਗਏ । ਸ਼ਹਿਰ ਅੰਦਰ 200 ਸਾਈਟਾਂ ਪਹਿਲਾਂ ਹੀ ਭਰੀਆਂ ਹੋਈਆਂ ਸਨ। ਫਿਰ 59 ਯੂਨੀਪੋਲ ਲਗਾਉਣ ਦਾ ਜ਼ੋਨ ਬਣਾਇਆ ਗਿਆ । ਇਸੇ ਦੋਰਾਣ ਮੈਂਸਰਜ ਦੁਰਗਾ ਪਬਲੀਸਿਟੀ ਸਰਵਿਸ ਲਿਮਿਟਡ ਨੇ ਮਾਨਯੋਗ ਹਾਈਕੋਰਟ ਵਿੱਚ ਜਾ ਕੇ ਸਟੇਅ ਆਰਡਰ ਲੈ ਲਿਆ । ਮੈਂ 6 ਮਹੀਨੇ ਲੜਾਈ ਲੜੀ ਕਿ 2011 ਤੋਂ ਬਾਅਦ ਉਸ ਪਾਸ ਕੋਈ ਰਾਈਟ ਨਹੀਂ ਸੀ । ਮੈਂ ਡਰਾਈਗਾਂ ਬਣਵਾਈਆਂ। ਸਟੇਅ ਵਕੇਟ ਕਰਵਾਕੇ ਟੈਂਡਰ ਲਗਾਇਆ । ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ ਸਿਵਾਏ ਇੱਕ ਜ਼ੋਨ ਜਿਸ ਵਿੱਚ 59 ਯੂਨੀਪੋਲ ਸਨ ਜਿਸ ਨੂੰ ਮੈਂਸਰਜ਼ ਕਰਿਏਟਿਵ ਨਾਮ ਦੀ ਫਰਮ ਨੇ ਭਰਿਆ । ਉਸ ਨੇ 5 ਸਾਲਾਂ ਵਾਸਤੇ 5 ਕਰੋੜ ਰੁਪਏ ਦੇਣੇ ਸਨ ।ਟੈਂਡਰ ਤੋਂ ਬਾਅਦ ਮਾਡਲ ਕੋਡ ਆਫ ਕੰਡਕਟ ਲੱਗ ਗਿਆ । ਤਿੰਨ ਮਹੀਨੇ ਬਾਅਦ ਅਜੰਸੀ ਵਲੋਂ 19 ਲੱਖ ਜਮ੍ਹਾਂ ਕਰਵਾਉਣਾ ਸੀ । ਸਿਰਫ 26 ਯੂਨੀਪੋਲ ਹੀ ਅਸੀਂ ਅਜੰਸੀ ਨੂੰ ਦੇ ਪਾਏ ਹਾਂ ਕਿਉਂ ਜ਼ੋ ਅਜੰਸੀ ਵਲੋਂ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਬਾਕੀ ਦੀਆਂ ਸਾਈਟਾਂ ਤੇ ਕਿਧਰੇ ਬਿਜਲੀ ਦੀਆਂ ਤਾਰਾਂ ਆਉਂਦੀਆਂ ਸਨ ਜ਼ੋ ਕੋਈ ਹੋਰ ਔਕੜ ਆਉਂਦੀ ਸੀ । ਕਿਉਂ ਜ਼ੋ ਮੈਂਸਰਜ ਦੁਰਗਾ ਪਬਲੀਸਿਟੀ ਦਾ ਇਕਰਾਰਨਾਮਾ ਇਸੇ ਸਾਲ ਖ਼ਤਮ ਹੋਣ ਜਾ ਰਿਹਾ ਹੈ ਮੈਂ ਉਸਦੀ ਤਿਆਰੀ ਪਹਿਲਾਂ ਹੀ ਕਰਕੇ ਹਾਊਸ ਵਿੱਚ ਇਹ ਮਤਾ ਪਾਸ ਕਰਵਾਇਆ ਕਿ ਸ਼ਹਿਰ ਦੀ ਐਡਵਰਟਾਈਜ਼ਮੈਂਟ ਜ਼ੋਨਿੰਗ ਸਬੰਧੀ ਕਿਸੇ ਐਕਸਪਰਟ ਕੰਪਨੀ ਨੂੰ ਹਾਇਰ ਕੀਤਾ ਜਾ ਸਕੇ ਤਾਂ ਜ਼ੋ ਵੱਧ ਤੋਂ ਵੱਧ 20 ਤੋਂ

25 ਕਰੋੜ ਰੁਪਏ ਸਾਲਾਨਾ ਆਮਦਨ ਨਗਰ ਨਿਗਮ ਨੂੰ ਹੋ ਸਕੇ । ਲੁਧਿਆਣਾ ਤਾਂ ਇਹ ਕੰਮ ਬਹੁਤ ਪਹਿਲਾਂ ਹੀ ਕਰਵਾ ਲਿਆ ਗਿਆ ਸੀ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੁੜ ਕਿਹਾ ਗਿਆ ਕਿ 59 ਯੂਨੀਪੋਲ ਸਿਰਫ ਇੱਕੋ ਅਜੰਸੀ ਲਈ ਹੀ ਬਣਵਾਏ ਗਏ । ਜੇਕਰ ਇਹਨਾਂ ਨੂੰ ਡੀਵਾਈਡ ਕਰ ਦਿੱਤਾ ਜਾਂਦਾਂ ਤਾਂ ਕਾਫੀ ਆਮਦਨ ਆ ਜਾਣੀ ਸੀ । ਤੁਸੀਂ ਸਿਰਫ 26 ਯੂਨੀਪੋਲ ਹੀ ਦੇ ਪਾਏ । ਬਾਕੀ ਤੁਹਾਡੇ ਮੁਲਾਜ਼ਮਾਂ ਦੀ ਮਿਲੀਭੁਗਤ ਕਰਕੇ ਨਹੀਂ ਦੇ ਪਾਏ। ਤੁਸੀਂ ਲਿਖ ਕੇ ਦੇਵੋ ਕਿ ਤਾਰਾਂ ਆਉਂਦੀਆਂ ਹਨ । ਇਹ ਸਾਰੀ ਮਿਲੀਭੁਗਤ ਹੈ । ਕਿਉਂ ਜ਼ੋ ਜਿੰਨੇ ਵੀ ਇਹ ਟੈਡਰ ਭਰਿਆ ਹੈ, ਉਸ ਦੀ ਜਿੰਮੇਵਾਰੀ ਬਣਦੀ ਸੀ ਕਿ ਉਹ ਪਹਿਲਾਂ ਚੈਕ ਕਰਦਾ ਤੇ ਫਿਰ ਟੈਂਡਰ ਪਾਉਂਦਾ । ਤੁਸੀਂ ਸੈਲਟਰ ਕਰ ਰਹੇ ਹੋ । 2011 ਤੋਂ 2015 ਤੱਕ 5 ਕਰੋੜ ਰੁਪੈ ਦੀ ਆਮਦਨ ਆਉਣੀ ਸੀ ਉਹ ਕਿਉਂ ਨਹੀਂ ਆਈ । ਤਿੰਨੋਂ ਟੈਂਡਰ ਕਿਉਂ ਨਹੀਂ ਆਏ । ਤੁਸੀਂ ਉਸ ਨੂੰ ਬੈਨੇਫਿਟ ਦੇਣ ਲਈ ਕੀਤਾ ਹੈ ।

ਕਮਿਸ਼ਨਰ ਜੀ ਨੇ ਮੁੜ ਜਵਾਬ ਦਿੰਦੇ ਹੋਏ ਕਿਹਾ ਕਿ ਸ਼ਹਿਰ ਵਿੱਚ ਹੋਰ ਥਾਂ ਨਹੀਂ ਸੀ ।ਮੈਸਰਜ਼ ਦੁਰਗਾ ਪਬਲੀਸਿਟੀ ਵਾਲੇ ਨੇ ਤਕਰੀਬਨ ਸਾਰਾ ਸ਼ਹਿਰ ਮਲ੍ਹਿਆਂ ਹੋਇਆ ਸੀ । ਅਸੀਂ ਸਰਵੇ ਕਰਵਾਇਆ ਅਤੇ 4 ਜ਼ੋਨ ਬਣਵਾਏ । ਫਿਰ ਵੀ ਮੈਂ ਫਾਈਲ ਵੇਖਾਂਗਾ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੁੱਦਾ ਉਠਾਇਆ ਗਿਆ ਕਿ ਪਿਛਲੇ ਸਾਲ ਸਟਰੀਟ ਲਾਈਟ ਦੀ ਕਿੰਨੀ ਪੈਨਲਟੀ ਪਾਈ ਗਈ ਹੈ ਦੱਸਿਆ ਜਾਵੇ । 6.60 ਲੱਖ ਰੁਪਏ ਦੀ ਪੈਨਲਟੀ ਪਾਈ ਗਈ ਸੀ ਜਿਸ ਨੂੰ ਦਬਾ ਦਿੱਤਾ ਗਿਆ । ਸਟਰੀਟ ਲਾਈਟ ਕਮੇਟੀ ਦੀਆਂ ਕਿੰਨੀਆਂ ਮੀਟਿੰਗਾਂ ਹੋਈਆਂ। ਕਮੇਟੀ ਨੂੰ ਕੀ ਅਧਿਕਾਰੀ ਹੈ ਕਿ ਜਿਹੜੀ ਪੈਨਲਟੀ ਪਾਈ ਗਈ ਹੋਵੇ ਉਸ ਨੂੰ ਪੈਂਡਿਗ ਕਰ ਦਿੱਤਾ ਗਿਆ । ਕਮੇਟੀ ਨੂੰ ਅਜਿਹਾ ਕੋਈ ਅਧਿਕਾਰ ਨਹੀਂ ਹੈ ਬਲਕਿ ਕਮੇਟੀ ਨੇ ਆਪਣੀ ਸਿਫਾਰਸ਼ ਹਾਊਸ ਨੂੰ ਭੇਜਣੀ ਹੁੰਦੀ ਹੈ । ਉਹਨਾਂ ਅੱਗੇ ਕਿਹਾ ਕਿ ਮੇਰੇ ਪਾਸ ਸਰਕਾਰ ਦਾ ਨੋਟੀਫਿਕੇਸ਼ਨ ਹੈ ਜਿਸ ਅਨੁਸਾਰ ਵਾਟਰ ਮੀਟਰ ਪਾਲਿਸੀ ਤੇ ਰੋਕ ਲੱਗੀ ਹੋਈ ਹੈ। ਪ੍ਰੰਤੂ ਮੁਲਾਜ਼ਮਾਂ ਵਲੋਂ ਆਮ ਪਬਲਿਕ ਨੂੰ ਤਿੰਨ ਗੁਣਾਂ ਬਿਲਾਂ ਦਾ ਡਰਾਵਾ ਦੇ ਕੇ ਧੱਕੇ ਨਾਲ ਮੀਟਰ ਲਗਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ । ਜਿਹੜਾ ਮੀਟਰ 500-600 ਰੁਪਏ ਦਾ ਹੈ 2000 ਤੋਂ 3000 ਰੁਪਏ ਲੈ ਕੇ ਧੱਕੇ ਨਾਲ ਲਗਵਾਏ ਜਾ ਰਹੇ ਹਨ । ਜਿਸ ਤੇ ਕਮਿਸ਼ਨਰ ਜੀ ਨੇ ਜਵਾਬ ਦਿੱਤਾ ਕਿ ਅਸੀਂ ਕਲੈਰੀਫਿਕੇਸ਼ਨ ਸਰਕਾਰ ਪਾਸੋਂ ਲੈ ਰਹੇ ਹਾਂ ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਸਰਕਾਰ ਦਾ ਪੱਤਰ ਨੰ: 5/50/2015-5ਸਸ4/716972/1 ਮਿਤੀ 20.3.2016 ਪੜ ਕੇ ਸੁਣਾਇਆ ਗਿਆ ਕਿ ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਅਧਿਸੂਚਨਾ ਨੰ: 5/50/2015-5ਸਸ4/1656871/1 ਮਿਤੀ 31.12.2015 ਰਾਹੀਂ ਜਾਰੀ ਕੀਤੀ ਪਾਲਿਸੀ ਦੇ ਪੈਰਾ ਨੰ: 2,3 ਅਤੇ 4 ਤੇ ਰੋਕ ਲਗਾਈ ਜਾਂਦੀ ਹੈ । ਇਸ ਲਈ ਜਦ ਤੱਕ ਇਹ ਕਲੈਰੀਫਿਕੇਸ਼ਨ ਨਹੀਂ ਆਉਂਦੀ ਤੱਦ ਤੱਕ ਮੀਡਿਆ ਰਾਹੀਂ ਭਾਂਵੇਂ ਇਸ਼ਤਿਹਾਰ ਦੇ ਕੇ ਆਮ ਪਬਲਿਕ ਨੂੰ ਸਹੀ ਜਾਣਕਾਰੀ ਦਿੱਤੀ ਜਾਵੇ ਅਤੇ ਮੁਲਾਜ਼ਮਾਂ ਨੂੰ ਇਹ ਧੱਕੇਸ਼ਾਹੀ ਕਰਨ ਤੋਂ ਰੋਕਿਆ ਜਾਵੇ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਦੀ ਸਕੀਮ ਅਮਰੁਤ ਤਹਿਤ ਘਰਾਂ ਦੇ ਮੀਟਰ ਲਗਵਾਉਣੇ ਜ਼ਰੂਰੀ ਹਨ ਪਰ ਇਹ ਮੀਟਰ ਸਰਕਾਰੀ ਪੱਧਰ ਤੇ ਲੱਗਣ ਇਸ ਲਈ ਅਮਰੁਤ ਸਕੀਮ ਤਹਿਤ ਜਿਹੜਾ 520 ਕਰੋੜ ਰੁਪਏ ਦਾ ਪ੍ਰੋਜੈਕਟ ਸਬੰਧੀ ਡੀ.ਪੀ.ਆਰ. ਤਿਆਰ ਕੀਤੀ ਗਈ ਹੈ ਉਸ ਵਿੱਚ 30 ਕਰੋੜ ਰੁਪਏ ਮੀਟਰ ਲਗਾਉਣ ਲਈ ਰਾਖ਼ਵੇਂ ਹਨ । ਇਸ ਲਈ ਅਗਲੇ ਸਾਲ ਇਹ ਮੀਟਰ ਫਰੀ ਆਫ ਕਾਸਟ ਲਗਣਗੇ ।ਇਸ ਸਬੰਧੀ ਮੇਰੇ ਵਲੋਂ ਮੀਡੀਆ ਰਾਹੀਂ ਬਿਆਨ ਵੀ ਦਿੱਤੇ ਜਾ ਚੁੱਕੇ ਹਨ ।ਉਹ ਮੀਡਿਆ ਨੂੰ ਵੀ ਬੇਨਤੀ ਕਰਦੇ ਹਨ ਕਿ ਇਸ ਗੱਲ ਨੂੰ ਅਖ਼ਬਾਰਾਂ ਰਾਹੀਂ ਹਾਈਲਾਈਟ ਕਰ ਦਿੱਤਾ ਜਾਵੇ ਕਿ ਕੋਈ ਵਿੱਅਕਤੀ ਅਜੇ ਆਪਣੇ ਘਰ ਪਾਣੀ ਦਾ ਮੀਟਰ ਨਾ ਲਗਾਵੇ ।

ਇਸ ਤੇ ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਕਿਹਾ ਗਿਆ ਕਿ ਅਸੀਂ ਸਰਕਾਰੀ ਤੌਰ ਤੇ ਮਾਨਯੋਗ ਹਾਈਕੋਰਟ ਵਿਖੇ ਐਫੀਡੈਵਿਟ ਦਿੱਤਾ ਹੈ ਕਿ 31.3.2017 ਤੱਕ ਹਰੇਕ ਘਰ ਵਿੱਚ ਮੀਟਰ ਲੱਗ ਜਾਵੇਗਾ ।

ਸ੍ਰੀ ਭਗਵੰਤ ਰਾਏ ਪ੍ਰਭਾਕਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਮੈਂ ਆਪਣੇ ਵਾਰਡ ਵਿੱਚ ਪ੍ਰੀਤ ਨਗਰ ਰੋਡ ਤੋਂ ਸੋਡਲ ਰੋਡ ਅਤੇ ਉਸ ਦੇ ਆਲੇ-ਦੁਆਲ੍ਹੇ ਦੇ 10-15 ਮੁਹੱਲਿਆਂ ਪਿਛਲੇ 40 ਸਾਲਾਂ ਤੋਂ ਸੰਤਾਪ ਝੇਲ ਰਹੇ ਹਨ, ਵਿਖੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ ਲੋਕਾਂ ਦੀ ਬੇਨਤੀ ਤੇ ਸਟਾਰਮ ਸੀਵਰ ਦਾ ਪ੍ਰੋਜੈਕਟ ਪਾਸ

ਕਰਵਾਇਆ ਹੈ । ਇਸ ਤੋਂ ਪਹਿਲਾ ਸਾਲ 2007 ਤੋਂ ਪਹਿਲਾਂ ਉਦੋਂ ਦੇ ਐਮ.ਐਲ.ਏ. ਜੀ ਨੇ ਪ੍ਰੀਤ ਨਗਰ ਡਿਸਪੋਜ਼ਲ ਤੋਂ ਸੋਡਲ ਮੰਦਰ ਤੱਕ ਪਾਣੀ ਦੀ ਨਿਕਾਸੀ ਦਾ ਪ੍ਰੋਜੈਕਟ ਪੂਰਾ ਕਰਵਾਇਆ ਸੀ ਜਿਸ ਨਾਲ ਪਾਣੀ ਦੀ ਮਿਕਸਿੰਗ ਹੋਣ ਲੱਗ ਗਈ ਸੀ । ਇਸੇ ਕਰਕੇ ਕਿ ਪਾਣੀ ਦੀ ਮਿਕਸਿੰਗ ਨਾ ਹੋਵੇ ਹੁਣ ਨਵਾਂ ਪ੍ਰੋਜੈਕਟ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨਾਲ 4.90 ਕਰੋੜ ਰੁਪਏ ਲਗਾ ਕੇ ਨਵਾਂ ਪ੍ਰੋਜੈਕਟ ਚਾਲੂ ਕਰਵਾਇਆ ਹੈ ਜਿਸ ਦਾ ਉਦਘਾਟਨ ਵੀ ਹੋ ਚੁੱਕਾ ਹੈ । ਉਹ ਹੁਣ ਮੌਜੂਦਾ ਐਮ.ਐਲ.ਏ. ਜੀ ਨੂੰ ਬੇਨਤੀ ਕਰਦੇ ਹਨ ਕਿ ਸਕਰਾਤਮਕ ਤਰੀਕੇ ਨਾਲ ਮੈਂ ਤੁਹਾਡੇ ਨਾਲ ਹਾਂ ਅਤੇ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਵਿੱਚ ਸਹਿਯੋਗ ਕਰੀਏ ।ਮੈਨੂੰ ਖ਼ੁਸੀ ਹੋਵੇਗੀ ਜੇ ਤੁਸੀਂ ਖੁਦ ਇਹ ਪ੍ਰੋਜੈਕਟ ਚਾਲੂ ਕਰਵਾਓਗੇ ।ਇਸੇ ਤਰ੍ਹਾਂ ਸੜਕਾਂ ਬਣ ਰਹੀਆਂ ਹਨ ਪਰ ਕੰਮ ਰੋਕੇ ਜਾ ਰਹੇ ਹਨ । ਬਿਨਾਂ ਕਿਸੇ ਰਾਜਨੀਤੀ ਤੋਂ ਇਹਨਾਂ ਪ੍ਰੋਜੈਕਟਾਂ ਨੂੰ ਰਿਵਿਊ ਕੀਤਾ ਜਾਵੇ । ਸਿਰਫ ਬਰਸਾਤੀ ਪਾਣੀ ਦੀ ਹੀ ਨਿਕਾਸੀ ਕਰਵਾਈ ਜਾਵੇ ਅਤੇ ਸੀਵਰੇਜ਼ ਨਾਲ ਨਾ ਜ਼ੋੜਿਆ ਜਾਵੇ । ਸਿਰਫ 10-12 ਘਰਾਂ ਦੇ ਵਿਰੋਧ ਕਾਰਣ ਇਹਨਾਂ ਵੱਡਾ ਪ੍ਰੋਜੈਕਟ ਨਾ ਰੋਕਿਆ ਜਾਵੇ ।ਉਹਨਾਂ ਨੂੰ ਇਸ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਵਲੋਂ ਸ੍ਰੀ ਭਗਵੰਤ ਰਾਏ ਪ੍ਰਭਾਕਰ, ਕੌਂਸਲਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਹੜਾ ਪਲਾਟ ਇਸ ਕੰਮ ਲਈ ਤੁਸੀਂ ਨਗਰ ਨਿਗਮ ਨੂੰ ਵੇਚਿਆ ਹੈ, ਉਸ ਵਿੱਚ ਬਹੁਤ ਸਾਰਾ ਘਪਲਾ ਹੈ । ਜਿਥੇ ਜ਼ਮੀਨ ਦੀ ਕੀਮਤ 1.50 ਲੱਖ ਰੁਪਏ ਪ੍ਰਤੀ ਮਰਲਾ ਹੈ ਉਹ ਤੁਸੀਂ 3.50 ਲੱਖ ਰੁਪਏ ਪ੍ਰਤੀ ਮਰਲਾ ਨਾਲ ਵੇਚੀ ਹੈ। ਇਸ ਤੇ ਸ੍ਰੀ ਭਗਵੰਤ ਰਾਏ ਪ੍ਰਭਾਕਰ ਨੇ ਕਿਹਾ ਕਿ ਇਸ ਦੀ ਕੀਮਤ ਡਿਪਟੀ ਕਮਿਸ਼ਨਰ ਨੇ ਤੈਅ ਕੀਤੀ ਹੈ ਤੇ ਨਗਰ ਨਿਗਮ ਨੇ ਖ਼ਰੀਦਿਆ ਹੈ । ਤੁਸੀਂ ਸਾਬਤ ਕਰ ਦਿਓ ਤਾਂ ਮੈਂ ਅਸਤੀਫਾ ਦੇਵਾਂਗਾ ਜਾਂ ਫਿਰ ਤੁਸੀਂ ਅਸਤੀਫਾ ਦੇ ਦਇਓ।

ਸ੍ਰੀ ਕਸਤੂਰੀ ਲਾਲ, ਕੌਂਸਲਰ ਵਲੋਂ ਕਿਹਾ ਗਿਆ ਕਿ ਮੈਂ ਸਾਰੇ ਆਏ ਹੋਏ ਐਮ.ਐਲ.ਏ. ਸਾਹਿਬਾਨ ਦਾ ਧੰਨਵਾਦੀ ਹਾਂ । ਉਹਨਾਂ ਕਿਹਾ ਕਿ ਸਲੱਮ ਅਬਾਦੀਆਂ ਵਿੱਚ ਇਹ ਖੱਪ ਪਈ ਹੋਈ ਹੈ ਕਿ ਪਾਣੀ ਮੀਟਰਾਂ ਦੇ ਨਾਲ ਨਾਲ ਬਿਜਲੀ ਦੇ ਬਿਲਾਂ ਵਿੱਚ ਪਾਣੀ ਦੇ ਬਿਲ ਲੱਗਕੇ ਆਉਣਗੇ । ਇਸ ਬਾਰੇ ਦੱਸਿਆ ਜਾਵੇ । ਅਵਤਾਰ ਨਗਰ, ਗੀਤਾ ਕਲੋਨੀ, ਅਬਾਦਪੁਰਾ ਵਿਖੇ 10-12 ਟਿਊਬਵੈਲ ਹਨ ਜਿਨਾਂ ਦੀਆਂ ਸ਼ਾਮ 5 ਵਜੇ ਤੱਕ ਮੋਟਰਾਂ ਨਹੀਂ ਚਲਦੀਆਂ ਅਤੇ 7 ਵਜੇ ਤੋਂ ਬਾਅਦ ਚਲਦੀਆਂ ਹਨ । ਉਹ ਮੰਗ ਕਰਦੇ ਹਨ ਕਿ ਦੁਪਹਿਰ ਦੇ ਪਾਣੀ ਦੀ ਸਪਲਾਈ ਚਾਲੂ ਕੀਤੀ ਜਾਵੇ । ਕਿਉਂ ਜ਼ੋ ਗਰਮੀਆਂ ਦਾ ਮੌਸਮ ਸੁਰੂ ਹੋ ਚੁੱਕਾ ਹੈ । ਮੀਟਿੰਗਾਂ ਵਿੱਚ ਅਜਿਹੀਆਂ ਲੜਾਈਆਂ ਚਲਦੀਆਂ ਰਹਿਣਗੀਆਂ ਪਰ ਲੋਕਾਂ ਦੇ ਹਿਤਾਂ ਨੂੰ ਵੀ ਵੇਖਿਆ ਜਾਵੇ ।ਅਸੀਂ ਸਵੱਛ ਭਾਰਤ ਦੀ ਗੱਲ ਤਾਂ ਕਰਦੇ ਹਾਂ ਇਸ ਤੇ ਪੈਹ੍ਰਾ ਵੀ ਦਈਏ।ਸਾਨੂੰ ਸਾਰਿਆਂ ਨੂੰ ਹਾਊਸ ਦੀ ਮਰਿਆਦਾ ਵੀ ਰੱਖਣੀ ਚਾਹੀਦੀ ਹੈ ।

ਸ੍ਰੀ ਵਿਪਨ ਕੁਮਾਰ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਰਮੇਸ਼ਵਰ ਕਲੋਨੀ, ਮਾਡਲ ਟਾਊਨ, ਨਿਊ ਗੁਰੂ ਰਵੀਦਾਸ ਨਗਰ ਆਦਿ ਦੇ ਲੋਕ ਪਾਣੀ ਲਈ ਤੜਪ ਰਹੇ ਹਨ । ਸਲੂਸ ਵਾਲਵ ਚੈਕ ਕਰਵਾਏ ਜਾਣ । ਸਟਾਫ ਦੀ ਘਾਟ ਹੋਣ ਕਾਰਣ ਸਾਰੇ ਸ਼ਹਿਰ ਦੀ ਇਹ ਸੱਮਸਿਆ ਬਣੀ ਹੋਈ ਹੈ ।

ਸ੍ਰੀ ਤਰਸੇਮ ਸਿੰਘ, ਕੌਂਸਲਰ ਵਲੋਂ ਵੀ ਪਾਣੀ ਦੀ ਕਿਲੱਤ ਦਾ ਮੁੱਦਾ ਉਠਾਇਆ ਗਿਆ ਅਤੇ ਮੰਗ ਕੀਤੀ ਕਿ ਦੁਪਹਿਰ ਦੀ ਪਾਣੀ ਦੀ ਸਪਲਾਈ ਚਾਲੂ ਕਰਵਾਈ ਜਾਵੇ ਅਤੇ ਸਵੇਰੇ ਸ਼ਾਮ ਪਾਣੀ ਦੀ ਸਪਲਾਈ ਦਾ ਸਮਾਂ ਵੀ ਵਧਾਇਆ ਜਾਵੇ ।

ਸ੍ਰੀ ਪਵਨ ਕੁਮਾਰ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਹੱਡਾ ਰੋੜੀ ਚਲ ਰਹੀ ਹੈ ਜਿਸ ਬਾਰੇ ਉਹ ਪਹਿਲਾਂ ਵੀ ਮੁੱਦਾ ਉਠਾਉਂਦੇ ਆ ਰਹੇ ਹਨ । ਮੈਂ ਇਹ ਵੀ ਮੰਗ ਕੀਤੀ ਸੀ ਕਿ ਜੇਕਰ ਇਹ ਹੱਡਾ ਰੋੜੀ ਜਮਸ਼ੇਰ ਵਿਖੇ ਸ਼ਿਫਟ ਕਰਕੇ ਆਕਸ਼ਨ ਕਰਵਾਈ ਜਾਵੇ ਤਾਂ 60-70 ਲੱਖ ਰੁਪਏ ਦੀ ਸਾਲਾਨਾ ਆਮਦਨ ਆ ਸਕਦੀ ਹੈ। ਇਸ ਕੰਮ ਲਈ ਬੰਦੇ ਵੀ ਤਿਆਰ ਕੀਤੇ ਸਨ । ਉਸ ਬਾਰੇ ਕੀ ਕੀਤਾ ਗਿਆ । ਤੁਸੀਂ ਸਵੱਛ ਭਾਰਤ ਦੀ ਗੱਲ ਕਰਦੇ ਹੋ ਉਹ ਪੈਸਾ ਕਿੱਥੇ ਗਿਆ । ਸਾਰੇ ਸ਼ਹਿਰਾਂ/ਪਿੰਡਾ/ਕੌਂਸਲਾਂ ਵਿੱਚ ਹੱਡਾ ਰੋੜੀ ਦੀ ਆਕਸ਼ਨ ਹੁੰਦੀ ਹੈ । ਤੁਹਾਡਾ ਰੈਵੇਨਿਯੁ ਲਾਸ ਹੋਇਆ ਹੈ ਅਤੇ ਲੋਕਾਂ ਨੂੰ ਹਰਾਸਮੈਂਟ ਹੋਈ ਹੈ । ਅਣਅਧਿਕਾਰਤ ਕਲੋਨੀਆਂ ਦਾ ਜਿਹੜਾ ਪੈਸਾ ਇੱਕਠਾ ਹੋਇਆ ਸੀ ਉਹ ਕਿੱਥੇ ਗਿਆ । ਤੁਹਾਨੂੰ ਮੈਂ ਪੁਛਿਆਂ ਤਾਂ ਤੁਸੀਂ ਕਿਹਾ ਕਿ ਉਹ ਬਠਿੰਡਾ ਚਲਾ ਗਿਆ । ਬਿਜਲੀ ਤੇ ਜਿਹੜਾ ਸੈਸ ਲਗਦਾ ਹੈ ਉਹ ਕਿਥੇ ਗਿਆ । ਅਣਅਧਿਕਾਰਤ ਕਲੋਨੀਆਂ ਤੋਂ ਜਿਹੜਾ ਪੈਸਾ ਇੱਕਠਾ ਹੋਇਆ ਸੀ ਉਹ ਉਥੇ ਹੀ ਲੱਗਣਾ ਚਾਹੀਦਾ ਸੀ ।

ਸ੍ਰੀ ਬਲਬੀਰ ਸਿੰਘ ਢਿਲੋਂ, ਕੌਂਸਲਰ ਨੇ ਮੁੱਦਾ ਉਠਾਇਆ ਕਿ ਜਿੰਨੀਆਂ ਵੀ ਘੋਟਾਲੇ ਦੀਆਂ ਗੱਲਾਂ ਅੱਜ ਹੋਈਆਂ ਹਨ, ਉਹ ਮੰਗ ਕਰਦੇ ਹਨ ਕਿ ਆਏ ਹੋਏ ਐਮ.ਐਲ.ਏ.ਸਾਹਿਬਾਨ ਦੱਸ ਕੇ ਜਾਣ ਕਿ ਉਹ ਕਦੋਂ ਤੱਕ ਇਹ

ਇੰਨਕੁਆਰੀਆਂ ਕਰ ਲੈਣਗੇ । ਜਿਸ ਤੇ ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਕਿਹਾ ਗਿਆ ਕਿ ਉਹ ਐਮ.ਐਲ.ਏ. ਸਾਹਿਬਾਨ ਦੇ ਪੱਧਰ ਤੇ ਦੱਸਦੇ ਹਨ ਕਿ ਛੇ ਮਹੀਨਿਆਂ ਵਿੱਚ ਇਹ ਇਨਕੁਆਰੀਆਂ ਕਰਕੇ ਦਸਾਂਗੇ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਸਰਕਾਰ ਦੀ ਪਾਲਿਸੀ ਸੀ ਕਿ ਅਣਅਧਿਕਾਰਤ ਕਲੋਨੀਆਂ ਤੋਂ ਜਿਹੜਾ ਪੈਸਾ ਇੱਕਠਾ ਹੋਵੇਗਾ ਉਹ ਉਹਨਾਂ ਕਲੋਨੀਆਂ ਦੇ ਵਿਕਾਸ ਤੇ ਹੀ ਖ਼ਰਚ ਕੀਤਾ ਜਾਵੇਗਾ । ਫਿਰ ਇਹ ਪਾਲਿਸੀ ਕਿਸ ਤਰ੍ਹਾਂ ਵਾਇਲੈਟ ਹੋਈ । ਇਹ ਪੈਸਾ ਕਿਥੇ ਗਿਆ ਦਸਿਆ ਜਾਵੇ । ਉਹਨਾਂ ਪਾਣੀ ਦੀ ਸਪਲਾਈ ਸਬੰਧੀ ਬੋਲਦੇ ਕਿਹਾ ਕਿ ਇਸ ਵਾਰ ਸਰਦੀਆਂ ਵਿੱਚ ਵੀ ਪਾਣੀ ਦੀ ਸਪਲਾਈ ਤੇ ਅਸਰ ਪਿਆ ਹੈ । ਇਸ ਦੀ ਤਾਈਦ ਸ੍ਰੀਮਤੀ ਸੁਰਿੰਦਰ ਕੌਰ ਅਤੇ ਸ੍ਰੀਮਤੀ ਅਰੁਣ ਅਰੋੜਾ, ਕੌਂਸਲਰ ਵਲੋਂ ਵੀ ਕੀਤੀ ਗਈ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਮਿਸ਼ਨਰ ਜੀ ਨੂੰ ਅਣਅਧਿਕਾਰਤ ਕਲੋਨੀਆਂ ਦੇ ਇੱਕਠੇ ਕੀਤੇ ਗਏ ਫੰਡਾਂ ਅਤੇ ਉਹ ਫੰਡ ਕਿੱਥੇ ਖ਼ਰਚ ਕੀਤੇ ਗਏ ਸਬੰਧੀ ਰਿਕਾਰਡ ਪੇਸ਼ ਕਰਨ ਲਈ ਕਿਹਾ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਦਸ ਦੇਵਾਂਗੇ ।

ਐਮ.ਐਲ.ਏ. ਜੀ ਵਲੋਂ ਮੁੜ ਕਿਹਾ ਗਿਆ ਕਿ very unfortunately ਕਿ ਜਵਾਬ ਹੀ ਨਹੀਂ ਹੈ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਇਹ ਸਟੇਟ ਪਾਲਿਸੀ ਸੀ ਅਤੇ ਸਾਰੀਆਂ ਯੂ.ਐਲ.ਬੀ. ਵਿੱਚ ਲਾਗੂ ਕੀਤੀ ਗਈ ਸੀ । ਇਹ ਸਾਰਾ ਪੈਸਾ ਯੂ.ਐਲ.ਬੀਜ਼ ਕੋਲ ਆਇਆ ਤੇ ਖ਼ਰਚ ਕੀਤਾ ਗਿਆ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਮੁੜ ਕਿਹਾ ਕਿ ਨਗਰ ਨਿਗਮ ਨੇ ਕਿਨਾਂ ਗਾਈਡਲਾਈਨਜ਼ ਨਾਲ ਇਹ ਖ਼ਰਚ ਕੀਤਾ ।

ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਵਲੋਂ ਕਿਹਾ ਗਿਆ ਕਿ ਕੌਂਸਲਰਾਂ ਵਲੋਂ 5-6 ਸਵਾਲ ਹੋਰ ਆ ਗਏ ਹਨ ਇਸ ਲਈ 4-5 ਦਿਨਾਂ ਬਾਅਦ ਦੁਬਾਰਾ ਮੀਟਿੰਗ ਕਰ ਲਈ ਜਾਵੇ ।

ਸ੍ਰੀਮਤੀ ਸੁਰਿੰਦਰ ਕੌਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਬਲਾਕੇਜ਼ ਦੀ ਬਹੁਤ ਸੱਮਸਿਆ ਹੈ । ਸੀਵਰਮੈਨਾਂ ਤੋਂ ਕੰਮ ਨਹੀਂ ਲਿਆ ਜਾ ਰਿਹਾ । ਬਰਸਾਤਾਂ ਤੋਂ ਪਹਿਲਾਂ ਪਹਿਲਾਂ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇ ।ਪਾਣੀ ਦੀ ਬਹੁਤ ਪਰੇਸ਼ਾਨੀ ਹੈ । ਦੁਪਹਿਰ ਦਾ ਪਾਣੀ ਬੰਦ ਪਿਆ ਹੈ । ਟੂਲੂ ਪੰਪਾਂ ਨਾਲ ਹੀ ਪਾਣੀ ਚੜਦਾ ਹੈ । ਉਹਨਾਂ ਮੰਗ ਕੀਤੀ ਕਿ 5 ਮਰਲੇ ਤੋਂ ਘੱਟ ਵਾਲੇ ਮਕਾਨਾਂ ਨੂੰ ਪਾਣੀ ਸੀਵਰੇਜ਼ ਦੇ ਬਿਲਾਂ ਤੋਂ ਮੁਆਫੀ ਦਿੱਤੀ ਜਾਵੇ । ਪਿਛਲੇ 10 ਸਾਲਾਂ ਵਿੱਚ ਸਟਰੀਟ ਲਾਈਟਾਂ ਦੇ ਪੁਆਇੰਟ ਠੀਕ ਘੱਟ ਹੋਏ ਹਨ ਅਤੇ ਚੋਰੀ ਜ਼ਿਆਦਾ ਹੋਏ ਹਨ । ਜਦ ਹੁਣ ਐਲ.ਈ.ਡੀ. ਲਾਈਟਾਂ ਲੱਗ ਰਹੀਆਂ ਹਨ ਤਾਂ ਜਿਥੋਂ ਪੁਆਇੰਟ ਚੋਰੀ ਹੋਏ ਹਨ,ਉਥੇ ਵੀ ਲਗਵਾਏ ਜਾਣ । ਗਾਰਬੇਜ਼ ਦੀ ਲਿਫਟਿੰਗ ਦੀ ਬਹੁਤ ਸੱਮਸਿਆ ਹੈ । ਨਾ ਲੋਡਰ ਹਨ ਤੇ ਨਾ ਟਿੱਪਰ ਹਨ ।ਇੱਕ ਆਟੋ ਜ਼ਰੂਰ ਲਗਵਾਇਆ ਜਾਵੇ ।

ਸ੍ਰੀਮਤੀ ਕੰਚਨ ਸ਼ਰਮਾ, ਕੌਂਸਲਰ ਵਲੋਂ ਸ੍ਰੀਮਤੀ ਸੁਰਿੰਦਰ ਕੌਰ, ਕੌਂਸਲਰ ਵਲੋਂ ਉਠਾਏ ਮੁੱਦਿਆਂ ਦੀ ਤਾਈਦ ਕੀਤੀ ਗਈ । ਉਹਨਾਂ ਕਿਹਾ ਕਿ ਜਿੰਨੀਆਂ ਵੀ ਬਿਲਡਿੰਗਾਂ ਬਣ ਰਹੀਆਂ ਹਨ ਉਹਨਾਂ ਦੀ ਰੇਤ ਆਦਿ ਸੀਵਰੇਜ਼ ਵਿੱਚ ਜਾ ਰਹੇ ਹਨ ਜਿਸ ਕਰਕੇ ਸੀਵਰੇਜ਼ ਬਲਾਕੇਜ਼ ਦੀ ਸਮੱਸਿਆ ਵੱਧ ਰਹੀ ਹੈ । ਉਹਨਾਂ ਮੋਤਾ ਸਿੰਘ ਨਗਰ ਪਾਰਕ ਵਿੱਚ ਗੈਰਕਾਨੂੰਨੀ ਢੰਗ ਨਾਲ ਮੰਦਰ ਬਨਾ ਕੇ ਕਬਜਾ ਹੋਣ ਦਾ ਮੁੱਦਾ ਵੀ ਉਠਾਇਆ ਗਿਆ ।

ਸ੍ਰੀ ਅਰਜੁਨ ਸਿੰਘ ਪੱਪੀ, ਕੌਂਸਲਰ ਵਲੋਂ ਕਿਹਾ ਗਿਆ ਕਿ ਜਿਹੜੀ ਸੀਵਰੇਜ਼ ਵਿੱਚੋਂ ਗਾਰ ਕੱਢੀ ਜਾਂਦੀ ਹੈ, ਉਹ ਨਾਲ ਦੇ ਨਾਲ ਚੁੱਕਵਾਈ ਜਾਣੀ ਚਾਹੀਦੀ ਹੈ ।

ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ ਵਲੋਂ ਮੰਗ ਕੀਤੀ ਗਈ ਕਿ ਉਹਨਾਂ ਦੇ ਇਲਾਕੇ ਸੈਦਾਂ ਗੇਟ, ਮਿਲਾਪ ਚੌਂਕ ਆਦਿ ਵਿਖੇ ਸੁਪਰ ਸੱਕਰ ਮਸ਼ੀਨਾਂ ਨਾਲ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਰਾਮ ਨੌਮੀ ਦਾ ਤਿਓਹਾਰ ਆ ਰਿਹਾ ਹੈ ਅਤੇ ਉਹਨਾਂ ਦੇ ਵਾਰਡ ਵਿੱਚ ਸ਼ੋਭਾ ਯਾਤਰਾ ਨਿਕਲਦੀ ਹੈ,

ਇਸ ਲਈ ਸੜਕਾਂ ਆਦਿ ਦੀ ਰਿਪੇਅਰ ਕਰਵਾਈ ਜਾਵੇ ।ਉਹਨਾਂ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਉਹਨਾਂ ਦੇ ਪਤੀ ਸਾਬਕਾ ਕੌਂਸਲਰ ਸ੍ਰੀ ਕੁਲਦੀਪ ਸਿੰਘ ਓਬਰਾਏ ਦੀ ਸੁਸਾਇਟੀ ਵਲੋਂ ਨੰਗਲ ਸ਼ਾਮਾ ਵਿਖੇ ਉਸਾਰੇ ਗਏ ਡਾਗ ਕੰਪਾਊਂਡ ਵਿਖੇ ਕੁੱਤਿਆਂ ਦੀ ਨਸਬੰਦੀ ਕਰਨ ਦਾ ਪ੍ਰੋਜੈਕਟ ਜਿਹੜਾ ਕਿ ਪਿਛਲੀ ਹਾਊਸ ਦੀ ਮੀਟਿੰਗ ਵਿੱਚ ਵਾਪਸ ਲੈਣ ਸਬੰਧੀ ਧੱਕੇ ਨਾਲ ਪਾਸ ਕੀਤਾ ਸੀ, ਨੂੰ ਬਹਾਲ ਕੀਤਾ ਜਾਵੇ ਤਾਂ ਜ਼ੋ ਉਹ ਜਲਦ ਉਥੇ ਕੰਮ ਸੁਰੂ ਕਰਵਾਉਣ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਵਲੋਂ ਹੈਲਥ ਦੀਆਂ ਗੱਡੀਆਂ ਦੀ ਰਿਪੇਅਰ ਜਲਦ ਕਰਵਾਉਣ ਬਾਰੇ ਮੰਗ ਕੀਤੀ ਗਈ । ਉਹਨਾਂ ਕਿਹਾ ਕਿ ਅਦਾਇਗੀ ਨਾ ਹੋਣ ਕਾਰਣ ਗੱਡੀਆਂ ਦੀ ਰਿਪੇਅਰ ਨਹੀਂ ਹੋ ਰਹੀ । ਇਸ ਤੋਂ ਇਲਾਵਾ ਉਹਨਾਂ ਮੱਛਰਾਂ ਕਾਰਣ ਜਲਦ ਫਾਗਿੰਗ ਸੁਰੂ ਕਰਵਾਉਣ ਲਈ ਮੰਗ ਕੀਤੀ ।ਉਹਨਾਂ ਇਹ ਵੀ ਕਿਹਾ ਕਿ ਮਾਲੀਆਂ ਨੂੰ ਪੱਕਾ ਕਰਨ ਸਬੰਧੀ ਸਿਰਫ ਪੰਜਾਬ ਦੇ ਮਾਲੀਆਂ ਨੂੰ ਹੀ ਬੁਲਾਇਆ ਜਾ ਰਿਹਾ ਹੈ ਜਦ ਕਿ ਕਈ ਸਾਲਾਂ ਤੋਂ ਬਾਹਰਲੇ ਰਾਜਾਂ ਦੇ ਜਿਹੜੇ ਮਾਲੀ ਕੰਮ ਕਰ ਰਹੇ ਹਨ, ਨੂੰ ਨਹੀਂ ਬੁਲਾਇਆ ਜਾ ਰਿਹਾ ।ਉਹਨਾਂ ਸ਼ਹਿਰ ਅੰਦਰ ਆਵਾਰਾ ਕੁੱਤਿਆਂ ਸਬੰਧੀ ਮੁੜ੍ਹ ਮੁੱਦਾ ਉਠਾਇਆ ਅਤੇ ਇੱਕ ਨਕਲੀ ਕੁੱਤਾ ਅਤੇ ਗੁੱਡੀ ਹਾਊਸ ਵਿੱਚ ਪੇਸ਼ ਕੀਤੀ ਜ਼ੋ ਕਿ ਮੈਂਬਰਾਂ ਨੇ ਮੇਅਰ ਜੀ ਦੇ ਲਾਗੇ ਟੇਬਲ ਤੇ ਖੜੇ ਸੀਨਿਅਰ ਡਿਪਟੀ ਮੇਅਰ ਜੀ ਨੂੰ ਪਹੁੰਚਾਇਆ ਅਤੇ ਸੀਨਿਅਰ ਡਿਪਟੀ ਮੇਅਰ ਨੇ ਉਹ ਨਕਲੀ ਕੁੱਤਾ ਮੇਅਰ ਜੀ ਦੇ ਟੇਬਲ ਤੇ ਉਹਨਾਂ ਦੇ ਅੱਗੇ ਸਜਾ ਦਿੱਤਾ ਅਤੇ ਹਾਊਸ ਦੀ ਮਰਿਆਦਾ ਭੰਗ ਕੀਤੀ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਫਾਗਿੰਗ ਫਿਕਸ ਨਾਰਮ ਮੁਤਾਬਕ ਤਾਪਮਾਨ ਦੇ ਹਿਸਾਬ ਨਾਲ ਹੀ ਹੁੰਦੀ ਹੈ ।

ਸ੍ਰੀ ਰਵੀ ਮਹਿੰਦਰੂ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਪ੍ਰਾਪਰਟੀ ਟੈਕਸ ਦੀ ਸਲੈਬਾਂ ਬਾਰੇ ਤਾਂ ਸਾਰੇ ਕੌਂਸਲਰਾਂ ਨੂੰ ਅਤੇ ਲੋਕਾਂ ਨੂੰ ਜਾਣਕਾਰੀ ਹੈ ਪਰ ਜਿਹੜਾ ਪੈਨਲਟੀ ਸਿਸਟਮ ਹੈ, ਉਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹਨਾਂ ਇਹ ਵੀ ਕਿਹਾ ਕਿ ਜੇਕਰ ਸਤੰਬਰ ਮਹੀਨੇ ਤੱਕ 10% ਰਿਬੇਟ ਦਿੱਤੀ ਜਾਂਦੀ ਹੈ ਅਤੇ ਦਸੰਬਰ ਤੱਕ ਬਿਨਾਂ ਰਿਬੇਟ ਤੋਂ ਟੈਕਸ ਜਮ੍ਹਾਂ ਹੁੰਦਾ ਹੈ ਤਾਂ ਜਨਵਰੀ ਤੋਂ ਪੈਨਲਟੀ ਕਿਉਂ ਲਈ ਜਾਂਦੀ ਹੈ ਜਦ ਕਿ ਵਿੱਤੀ ਸਾਲ 31 ਮਾਰਚ ਤੱਕ ਹੁੰਦਾ ਹੈ । ਉਹ ਮੰਗ ਕਰਦੇ ਹਨ ਕਿ ਹਾਊਸ 31 ਮਾਰਚ ਤੱਕ ਬਿਨਾ ਰਿਬੇਟ ਤੋਂ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਸਬੰਧੀ ਪ੍ਰਵਾਨਗੀ ਦੇਵੇ ।ਉਹਨਾਂ ਇਹ ਵੀ ਕਿਹਾ ਕਿ ਪ੍ਰਾਪਰਟੀ ਟੈਕਸ ਸੁਰੂ ਹੋਏ 3-4 ਸਾਲ ਹੋ ਗਏ ਹਨ । ਪ੍ਰੰਤੂ ਇਨਕੁਆਰੀ ਦੀ ਸਹੂਲਤ ਨਹੀਂ ਹੈ । ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ ਕਿਹੜੇ ਸਾਲ ਦਾ ਪੈਂਡਿੰਗ ਹੈ । ਲੋਕਾਂ ਨੇ ਡਬਲ ਟੈਕਸ ਅਦਾ ਕੀਤਾ ਹੈ, ਰਿਫੰਡ ਕੀਤਾ ਜਾਵੇ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਟਿਊਬਵੈਲ ਲੱਗਾ ਹੈ ਅਤੇ ਇੱਕ ਸਾਲ ਵਿੱਚ ਹੀ 100-150 ਦਿਨ ਬੰਦ ਰਿਹਾ ਹੈ । ਜਿਸ ਠੇਕੇਦਾਰ ਨੇ ਇਹ ਟਿਊਬਵੈਲ ਲਗਾਇਆ ਹੈ, ਨੂੰ ਬਲੈਕ ਲਿਸਟ ਕੀਤਾ ਜਾਵੇ ।ਇਸ ਤੋਂ ਇਲਾਵਾ ਆਰਿਆ ਨਗਰ ਵਿਖੇ ਪੀਣ ਵਾਲੇ ਪਾਣੀ ਦੀ ਸੀਵਰੇਜ਼ ਦੇ ਪਾਣੀ ਦੀ ਲੀਕੇਜ਼ ਨਾਲ ਮਿਕਸਿੰਗ ਹੋ ਰਹੀ ਹੈ ਜਿਸ ਕਾਰਣ 10-15 ਲੋਕ ਬਿਮਾਰ ਹੋ ਗਏ ਹਨ । ਕੌਣ ਜਿੰਮੇਵਾਰ ਹੈ । 6 ਦਿਨ ਹੋ ਗਏ ਹਨ ਉਹਨਾਂ ਵਲੋਂ ਕਹਿੰਦੇ ਹੋਏ ਪਰ ਕੋਈ ਅਧਿਕਾਰੀ ਚੈਕ ਕਰਨ ਨਹੀਂ ਆਇਆ ।

ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਨੇ ਜਵਾਬ ਦਿੰਦਿਆਂ ਕਿਹਾ ਕਿ ਬਿਜਲੀ ਦੀ ਤਾਰ ਹਲਕੀ ਹੋਣ ਕਾਰਣ ਇਹ ਸੱਮਸਿਆ ਸੀ । ਠੇਕੇਦਾਰ ਨੂੰ ਕਹਿ ਕੇ ਜਲਦ ਠੀਕ ਕਰਵਾ ਦਿੱਤੀ ਜਾਵੇਗੀ । ਜਿਥੋਂ ਤੱਕ ਲੀਕੇਜ਼ ਦੀ ਸੱਮਸਿਆ ਹੈ, ਜਲਦ ਠੀਕ ਕਰਵਾ ਦਿੱਤੀ ਜਾਵੇਗੀ ।

ਸ੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ ਵਲੋਂ ਕੇ.ਜੀ.ਐਸ. ਪੈਲੇਸ ਪਾਸ ਡੰਪ ਦਾ ਮੁੱਦਾ ਉਠਾਇਆ ਗਿਆ ਅਤੇ ਮੰਗ ਕੀਤੀ ਕਿ ਇਥੋਂ ਸ਼ਿਫਟ ਕੀਤਾ ਜਾਵੇ ।

ਸ੍ਰੀ ਗੁਰਵਿੰਦਰਪਾਲ ਸਿੰਘ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਦਾ ਟੈਂਪੂ 6672 ਬਜਾਜ ਕੰਪਨੀ ਕੋਲ ਠੀਕ ਕੇ ਖੜਾ ਹੈ ਪਰ 11000/- ਦੀ ਅਦਾਇਗੀ ਨਾ ਹੋਣ ਕਾਰਣ ਅਜੰਸੀ ਵਲੋਂ ਵਾਪਸ ਨਹੀਂ ਦਿੱਤਾ ਜਾ ਰਿਹਾ । ਜਲਦ ਠੀਕ ਕਰਵਾਇਆ ਜਾਵੇ ।

ਸ੍ਰੀ ਪ੍ਰਦੀਪ ਸਿੰਘ ਰਾਏ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਨਾਗਰਾ ਰੋਡ ਤੋਂ ਸ਼ਿਵ ਨਗਰ ਰੇਲਵੇ ਫਾਟਕ ਤੱਕ ਸੀਵਰੇਜ਼ ਦੀਆਂ ਲਾਈਨਾਂ ਵਿਛਾਈਆਂ ਜਾ ਚੁੱਕੀਆਂ ਹਨ । ਸੜਕ ਬਨਾਉਣ ਲਈ ਗੱਡੀਆਂ ਗਈਆਂ ਸਨ ਪਰ ਵਾਪਸ ਭੇਜ਼ ਦਿੱਤੀਆਂ ਗਈਆਂ । ਇਸ ਦਾ ਜਵਾਬ ਦਿੱਤਾ ਜਾਵੇ । ਮਾਤਾ ਗੁਜਰੀ ਸਕੂਲ ਵਿਖੇ ਟਿਊਬਵੈਲ ਦਾ ਬੋਰ ਹੋ ਚੁੱਕਾ ਹੈ ਪਰ ਕੁਨੈਕਸ਼ਨ ਨਹੀਂ ਦਿੱਤਾ ਜਾ ਰਿਹਾ ਜਿਸ ਕਰਕੇ ਰਤਨ ਨਗਰ ਅਤੇ ਨਿਊ ਰਤਨ ਨਗਰ ਦੇ ਲੋਕਾਂ ਨੂੰ ਪਾਣੀ ਦੀ ਕਮੀ ਨਾਲ ਜੂਝਣਾ ਪੈ ਰਿਹਾ ਹੈ । ਇਸ ਤੋਂ ਇਲਾਵਾ ਉਹਨਾਂ ਸਫਾਈ ਕਰਮਚਾਰੀਆਂ ਦੀ ਮੰਗ ਕੀਤੀ ।ਇਸ

ਤੋਂ ਇਲਾਵਾ ਉਹ ਕਈ ਵਾਰ ਮੰਗ ਕਰਦੇ ਆ ਰਹੇ ਹਨ ਕਿ ਉਹਨਾਂ ਦੇ ਵਾਰਡ ਵਿੱਚ 200 ਕੋਠੀਆਂ ਨਜਾਇਜ਼ ਬਣੀਆਂ ਹਨ ਤੇ ਨਗਰ ਨਿਗਮ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਬਣੀਆਂ ਹਨ ਅਤੇ ਨਗਰ ਨਿਗਮ ਨੂੰ ਕੋਈ ਰਾਸ਼ੀ ਨਹੀਂ ਜਮ੍ਹਾਂ ਕਰਵਾਈ ਗਈ ।

ਸ੍ਰੀ ਕਸ਼ਮੀਰੀ ਲਾਲ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਰੇਲਵੇ ਵਿਭਾਗ ਦੀ ਮੰਜ਼ੂਰੀ ਨਾ ਮਿਲਣ ਕਾਰਣ ਸੜਕ ਨਹੀਂ ਬਣਾਈ ਗਈ । ਉਹ ਰੇਲਵੇ ਵਿਭਾਗ ਨਾਲ ਤਾਲਮੇਲ ਕਰਕੇ ਜਲਦ ਸੜਕ ਬਨਵਾਉਣਗੇ।

ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਵਲੋਂ ਕਿਹਾ ਗਿਆ ਕਿ ਅੱਜ ਡਿਵੈਲਮੈਂਟ ਦੀਆਂ ਗੱਲਾਂ ਚੱਲੀਆਂ, ਇਰੈਗੁਲੈਰੀਟੀਜ਼ ਦੀਆਂ ਗੱਲਾਂ ਚੱਲੀਆਂ । ਮੈਨੂੰ ਨਮੋਸ਼ੀ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਰੂਲੀਂਗ ਪਾਰਟੀ ਵਿੱਚ ਗਠਜੋੜ ਨਾਲ ਹਾਂ ਪਰ 1997 ਤੋਂ ਬਾਅਦ ਅੱਜ ਇਹ ਹਾਊਸ ਦਾ  ਕਲੰਕਤ ਇਤਿਹਾਸ ਹੈ । ਪਿਛਲੀ ਮੀਟਿੰਗ ਵਿੱਚ ਸਾਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ । ਮੇਅਰ ਜੀ ਵਲੋਂ ਕਦੇ ਵੀ ਮੀਟਿੰਗ ਦੀ ਮਿਤੀ ਨਿਸ਼ਚਿਤ ਕਰਨ, ਅਜੰਡਾ ਤਿਆਰ ਕਰਨ ਸਬੰਧੀ ਮੇਰੇ ਨਾਲ ਕਦੇ ਮੀਟਿੰਗ ਨਹੀਂ ਕੀਤੀ ਗਈ । ਰਿਸਪੈਕਟ ਗਿਵ ਐਂਡ ਟੇਕ ਨਾਲ ਹੁੰਦੀ ਹੈ । ਇੱਕ ਸੀਨੀਅਰ ਡਿਪਟੀ ਮੇਅਰ ਨੇ ਸਵਾਲ ਪੁੱਛੇ ਤਾਂ ਉਸ ਨੂੰ ਸਸਪੈਂਡ ਕੀਤਾ ਗਿਆ । ਇਹ ਡੈਮੋਕਰੇਟਿਕ ਸਿਸਟਮ ਹੈ । ਮੇਅਰ ਜੀ ਵਲੋਂ ਵਿਜੀਲੈਂਸ ਵਿਭਾਗ ਨੂੰ ਪੱਤਰ ਭੇਜਿਆ ਗਿਆ ਕਿ ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਨੂੰ ਹਾਊਸ ਦੀ ਮਰਿਆਦਾ ਭੰਗ ਕਰਨ ਲਈ ਸਸਪੈਂਡ ਕੀਤਾ ਗਿਆ ਹੈ ਅਤੇ ਇਹਨਾਂ ਨੂੰ ਕੌਂਸਲਰ ਦੇ ਆਹੁਦੇ ਤੋਂ ਉਤਾਰ ਦਿੱਤਾ ਜਾਵੇ । ਅਸੀਂ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਾਂ। ਅਸੀਂ ਗਠਬੰਧਨ ਦੇ ਪਾਰਟਨਰ ਹਾਂ । ਤੁਹਾਡੇ ਤੋਂ ਪਹਿਲਾਂ ਮੈਂ ਸ੍ਰੀ ਰਾਕੇਸ਼ ਰਾਠੌਰ, ਸਾਬਕਾ ਮੇਅਰ ਨਾਲ ਕੰਮ ਕੀਤਾ ਹੈ ਅਤੇ ਕਦੇ ਵੀ ਇਹ ਦੂਰਦਸ਼ਾ ਨਹੀਂ ਹੋਈ । 602 ਕਰੋੜ ਦਾ ਬਜਟ ਤੁਸੀਂ ਸਕਿੰਟਾ ਵਿੱਚ ਹੀ ਪਾਸ ਕਰਕੇ ਭੱਜ ਗਏ ।ਸਾਡਾ ਕਸੂਰ ਦੱਸ ਦਿੱਤਾ ਜਾਵੇ । ਕੀ ਕੁਰਪਸ਼ਨ ਤੇ ਬੋਲਣਾ ਸਾਡਾ ਗੁਨਾਹ ਹੈ? ਮਰਿਆਦਾ ਤਾਰ-ਤਾਰ ਹੋਈ । ਸਕੈਮ/ਸਕੈਂਡਲ ਹੋਏ । ਮਾਮਲੇ ਕੋਰਟ ਵਿੱਚ ਪੈਂਡਿੰਗ ਹਨ । ਕੀ ਫਾਇਨੈਂਨਸਲ ਮੈਟਰ ਅਸੀ ਡਿਸਕਸ ਨਹੀਂ ਕਰ ਸਕਦੇ । ਤੁਹਾਡੀ ਡਿਊਟੀ ਹੈ ਜਵਾਬ ਦੇਣਾ । ਮੈਂ ਪੁੱਛਿਆ ਸੀ ਕਿ ਸਵੀਪਿੰਗ ਮਸ਼ੀਨ ਦਾ ਸਕੋਪ ਆਫ ਵਰਕ ਕੀ ਹੈ । ਕਿੱਥੇ ਕੰਮ ਕਰ ਰਹੀ ਹੈ । ਕਿੰਨੀ ਅਦਾਇਗੀ ਹੋ ਰਹੀ ਹੈ ।ਕੀ ਉਹ ਟਰਿਮਿੰਗ ਅਤੇ ਪਾਣੀ ਨਾਲ ਸੜਕਾਂ ਆਦਿ ਧੋ ਰਹੀ ਹੈ । ਸਿਰਫ ਪੀ.ਏ.ਪੀ. ਤੋਂ ਫਲਾਈ ਓਵਰ ਤੱਕ ਹੀ ਉਹ ਚਲ ਰਹੀ ਹੈ ਅਤੇ ਅਦਾਇਗੀ ਕੀਤੀ ਜਾ ਰਹੀ ਹੈ । ਪਿਛਲੇ 6 ਮਹੀਨਿਆਂ ਵਿੱਚ ਉਨੇ ਕਿੰਨਾ ਕੰਮ ਕੀਤਾ ਹੈ , ਕਿੰਨੀ ਅਦਾਇਗੀ ਕੀਤੀ ਗਈ ਹੈ। ਇਸ ਤੋਂ ਇਲਾਵਾ ਕਿੱਥੇ ਕਿੱਥੇ ਚਲਾਈ ਗਈ ਹੈ ।

ਇਸੇ ਦੌਰਾਣ ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ., ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ., ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਅਤੇ ਕਮਿਸ਼ਨਰ ਜੀ ਹਾਊਸ ਦੀ ਮੀਟਿੰਗ ਤੋਂ ਉਠ ਕੇ ਚਲੇ ਗਏ ।

ਲਗਭਗ 5-6 ਮਿੰਟਾਂ ਬਾਅਦ ਸਾਰੇ ਮੁੜ ਮੀਟਿੰਗ ਹਾਲ ਵਿੱਚ ਵਾਪਸ ਆ ਗਏ ।

ਇਸੇ ਦੌਰਾਣ ਸ੍ਰੀ ਪਰਗਟ ਸਿੰਘ, ਐਮ.ਐਲ.ਏ.ਜੀ ਵਾਪਸ ਹਾਊਸ ਦੀ ਮੀਟਿੰਗ ਵਿੱਚ ਆ ਕੇ ਬੈਠ ਗਏ।

ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ. ਜੀ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਐਮ.ਐਲ.ਏਜ਼ ਅਤੇ ਕੌਂਸਲਰਾਂ ਵਲੋਂ ਬੇਨਤੀ ਹੈ ਕਿ ਬਜਟ ਇੱਕ ਅਹਿਮ ਮੁੱਦਾ ਹੈ । ਬਹਿਸ ਲਈ ਲੰਮਾ ਸਮਾਂ ਚਾਹੀਦਾ ਹੈ । ਇਸ ਲਈ ਕੋਈ ਹੋਰ ਦਿਨ ਮੀਟਿੰਗ ਰੱਖ ਲਈ ਜਾਵੇ ।

ਜਿਸ ਤੇ ਮੇਅਰ ਜੀ ਵਲੋਂ ਐਮ.ਐਲ.ਏ. ਸਾਹਿਬਾਨ ਨੂੰ ਬੇਨਤੀ ਕੀਤੀ ਗਈ ਕਿ ਬਜੱਟ ਇੱਕ ਅਹਿਮ ਮੁੱਦਾ ਹੈ ਅਤੇ ਇਸ ਨੂੰ ਸਮੇਂ ਸਿਰ ਚਰਚਾ ਕਰਕੇ ਪਾਸ ਕਰ ਲਈਏ ਤਾਂ ਜ਼ੋ ਵਿਕਾਸ ਦੇ ਕੰਮ ਨਾ ਰੁਕਣ ਪਰ ਜੇਕਰ ਤੁਸੀਂ ਨਹੀਂ ਚਾਹੁੰਦੇ ਤਾਂ ਅੱਜ ਦੀ ਮੀਟਿੰਗ ਮੁਲਤਵੀ ਕਰ ਦਿੰਦੇ ਹਾਂ ਜਿਸ ਤੇ ਐਮ.ਐਲ.ਏ. ਸਾਹਿਬਾਨ ਨੇ ਮੀਟਿੰਗ ਨੂੰ ਮੁਲਤਵੀ ਕਰਨ ਲਈ ਕਿਹਾ । ਇਸ ਉਪਰੰਤ ਮੇਅਰ ਜੀ ਵਲੋਂ ਮੀਟਿੰਗ ਨੂੰ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਅਤੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਉਠ ਕੇ ਮੀਟਿੰਗ ਹਾਲ ਵਿੱਚੋਂ ਬਾਹਰ ਚਲੇ ਗਏ ।

ਸਹੀ/-
ਸੁਨੀਲ ਜਯੋਤੀ, ਮੇਅਰ
31.3.2017